ਜੁਲਾਈ 1986
ਮੁੱਲ--ਦੋ ਰੁਪਏ
74

(ਨਾਟਕ ਵਿਸ਼ੇਸ਼ ਅੰਕ)

## ਸੰਪਾਦਕੀ

## ਦੋਨੋਂ ਪਾਸੇ ਅਮਲ ਜਾਰੀ ਹੈ

ਅੰਮ੍ਰਿਤਸਰ ਵਿਚ ਕਰਫਿਊ ਲੱਗਿਆ ਹੋਇਆ ਹੈ। ਘਟਨਾਵਾ ਦਾ ਚੱਕਰ ਇਸ ਤਰ੍ਹਾਂ ਹੈ ਕਿ 20 ਜੂਨ ਗੋਲ੍ਹਵੜ੍ਹ ਵਿਚ ਪੰਜ ਹਿੰਦੂ ਬਿਜਲੀ ਕਾਮੇ ਆਤੰਕਵਾਦੀਆਂ ਦੇ ਹੱਥੋਂ ਮਾਰੇ ਗਏ। 21 ਜੂਨ ਅੰਮ੍ਰਿਤਸਰ ਸ਼ਿਵ ਸੈਨਾ ਦੀ ਅਗਵਾਈ ਵਿਚ ਉਹਨਾਂ ਕਤਲਾਂ ਦੇ ਵਿਰੁਧ ਰੋਸ ਵਜੋਂ ਅੰਮ੍ਰਿਤਸਰ ਬੰਦ ਦਾ ਸਦਾ ਦਿੱਤਾ ਗਿਆ। ਦੁਕਾਨਾਂ ਬੰਦ ਕਰਵਾਂਦਿਆਂ ਸ਼ਿਵਸੈਨਾ ਦਾ ਇਕ ਨੌਜਵਾਨ ਰਜਿੰਦਰ ਕੁਮਾਰ ਪੱਪੀ ਪੰਜਾਬ ਪੁਲਸ ਦੇ ਹੱਥੋਂ ਮਾਰਿਆ ਗਿਆ। ਪਥਰਾਓ ਹੋਇਆ, ਖਿਚਾਅ ਵਧਿਆ। ਸ਼ਾਮ ਨੂੰ ਇਕ ਸਿੱਖ ਨੌਜਵਾਨ ਹਰਮਿੰਦਰ ਸਿੰਘ ਸ਼ਮੀ ਸੀ.ਆਰ.ਪੀ.ਐਫ ਵਲੋਂ ਮਾਰਿਆ ਗਿਆ। ਖਿਚਾਅ ਹੋਰ ਵਧਿਆ। ਅਗਲੇ ਦਿਨ ਰੇਲਵੇ ਵਰਕਸ਼ਾਪ ਦਾ ਇਕ ਸਿੱਖ ਫੋਰਮੈਨ ਡਿਊਟੀ ਤੋਂ ਵਾਪਸ ਜਾਂਦਾ ਹਿੰਦੂ ਛੁਰੀ ਮਾਰਾਂ ਨੇ ਛੁਰੀਆਂ ਮਾਰਕੇ ਹਲਾਕ ਕਰ ਦਿਤਾ। ਖਿਚਾਅ ਹੋਰ ਵਧ ਗਿਆ। ਕਰਫਿਊ ਲਗਿਆ ਹੋਇਆ ਹੈ। ਲੋਕ ਕਹਿਣ ਨੂੰ ਘਰਾਂ ਵਿਚ ਬੰਦ ਹਨ, ਪਰ ਗਲੀਆਂ ਵਿਚ ਬਹਿਸ ਆਮ ਹੈ।

- ਪੰਜਾਬ ਪੁਲਸ ਸਿਖਾਂ ਦਾ ਪੱਖ ਪੂਰਦੀ ਹੈ।
- ਸੀ. ਆਰ. ਪੀ. ਐਫ ਹਿੰਦੂਆਂ ਦਾ ਪੱਖ ਪੂਰਦੀ ਹੈ
- ਪੰਜਾਬ ਪੁਲਸ ਅਤੇ ਸੀ. ਆਰ. ਪੀ. ਐਫ ਦੋਨੋਂ ਫਿਰਕੂ ਹਨ।
- ਗੋਲਵੜ੍ਹ ਦੇ ਹਿੰਦੂ ਬਿਜਲੀ ਕਾਮੇ ਨਾਜਾਇਜ਼ ਮਾਰੇ ਗਏ।
- ਰਜਿੰਦਰ ਕੁਮਾਰ ਬੇਦੋਸ਼ਾ ਮਾਰਿਆ ਗਿਆ।
- ਹਰਮਿੰਦਰ ਸਿੰਘ ਸ਼ਮੀ ਬੇਕਸੂਰਾ ਮਾਰਿਆ ਗਿਆ।
- ਰੇਲਵੇ ਫੋਰਮੈਨ ਬਿਲਕੁਲ ਅਜਾਈਂ ਮਾਰਿਆ ਗਿਆ।

ਫਿਰਕੂ ਸੋਚ ਵਾਲੇ ਲੋਕ ਇਕ-ਦੂਜੇ ਫਿਰਕੇ ਦੇ ਲੋਕਾਂ ਨੂੰ ਕਸੂਰਵਾਰ ਠਹਿਰਾ ਰਹੇ ਹਨ। ਇਕ ਸਿਆਣੀ ਸੋਚ ਕਹਿੰਦੀ ਹੈ—ਕਸੂਰ ਨਾ ਹਿੰਦੂਆਂ ਦਾ ਹੈ, ਨਾ ਸਿਖਾਂ ਦਾ ਹੈ। ਕਸੂਰ ਫਿਰਕੂ ਸੋਚਣੀ ਦਾ ਹੈ। ਫਿਰਕੂ ਨਫਰਤ ਦਾ ਹੈ, ਸ਼ਹਿਰ ਦੇ ਵਪਾਰੀਏ, ਸ਼ਹਿਰ ਦੇ ਮਿਡਲ ਕਲਾਸੀਏ ਉਹਦੀ ਗੱਲ ਸੁਣਨ ਲਈ ਤਿਆਰ ਨਹੀਂ। ਉਹ ਵੀ ਕਹਿੰਦਾ ਹੈ, ਮੈਂ ਇਹਨਾਂ ਨਾਲ ਮਗਜ਼ਪੱਟੀ ਕਿਉਂ ਕਰਾਂ? ਇਹਨਾਂ ਨੂੰ ਸਦਭਾਵਨਾ ਲਈ ਕਿਉਂ ਕਹਾਂ? ਇਹਨਾਂ ਦੀ ਸੋਚ ਹੀ ਬੁਨਿਆਦੀ ਤੌਰ ਤੇ ਫਿਰਕੂ ਹੈ। ਇਹ ਕਦੀ ਵੀ ਨਹੀਂ ਸਮਝਣਗੇ। ਇਹ ਇਸੇ ਤਰ੍ਹਾਂ ਆਪ ਵੀ ਨਫਰਤ ਦੀ ਅੱਗ ਵਿਚ ਸੜਦੇ ਰਹਿਣਗੇ ਤੇ ਦੂਜਿਆਂ ਨੂੰ ਸਾੜਦੇ ਰਹਿਣਗੇ। ਉਹ ਅਪਣਾ ਦਰਵਾਜ਼ਾ ਬੰਦ ਕਰ ਲੈਂਦਾ ਹੈ। ਫਿਰ ਬੈਠ ਕੇ ਉਹਨਾਂ ਘਰਾਂ ਦੀ ਲਿਸਟ ਬਣਾਉਂਦਾ ਹੈ, ਜਿਥੇ ਉਹ ਲੋਕ ਰਹਿੰਦੇ ਹਨ:

- ਜੋ ਦਿਹਾੜੀ ਤੇ ਕੰਮ ਕਰਦੇ ਹਨ, ਜਿਨ੍ਹਾਂ ਦੇ ਬੱਚਿਆਂ ਦੀ ਰਾਤ ਰੋਟੀ ਤਾਂ ਚਲਦੀ ਹੈ, ਜੇ ਉਹ ਦਿਹਾੜੀ ਕਮਾਕੇ ਲਿਆਉਣ।
- ਜੋ ਕਿਸੇ ਕਾਰਖਾਨੇ ਵਿਚ ਕੰਮ ਕਰਦੇ ਹਨ, ਜਿਥੇ ਸਿਖ ਤੇ ਹਿੰਦੂ ਮਜ਼ਦੂਰ ਇਕੋ ਮਸ਼ੀਨ ਤੇ ਕੰਮ ਕਰਦੇ ਹਨ। ਇਹ ਚਲਦੀ ਮਸ਼ੀਨ ਉਹਨਾਂ ਦੀ ਅੰਨਦਾਤਾ ਹੈ।
- ਜੋ ਸਕੂਲ ਦੇ ਮਾਸਟਰ ਹਨ, ਉਹਨਾਂ ਨੇ ਪਿਛੇ ਜਿਹੇ ਗੁਰੂ ਕੀ ਵਡਾਲੀ ਅਪਣੇ ਮਾਸਟਰ ਸਾਥੀਆਂ ਦੇ ਆਤੰਕਵਾਦੀਆਂ ਦੇ ਹੱਥੋਂ ਕਤਲ ਕੀਤੇ ਜਾਣ ਦੇ ਬਾਅਦ ਇਕ ਲੰਮਾ ਸੰਘਰਸ਼ ਕੀਤਾ ਸੀ।
- ਉਹ ਬੈਂਕ ਦੇ ਮੁਲਾਜ਼ਮ ਹਨ। ਉਹਨਾਂ ਨੇ ਅਪਣੇ ਇਕ ਸਾਥੀ ਦੀ ਬੈਂਕ ਡਕੈਤੀ ਵੇਲੇ ਮਾਰੇ ਜਾਣ ਉਤੇ ਸੜਕਾਂ ਤੇ ਵੱਡੇ ਜਲੂਸ ਵਿਚ ਸ਼ਮੂਲੀਅਤ ਕੀਤੀ ਸੀ।

ਇਸ ਤਰ੍ਹਾਂ ਉਹਨੇ ਇਕ ਲੰਮੀ ਸਾਰੀ ਲਿਸਟ ਬਣਾਈ। ਫੇਰ ਉਹਨੇ ਇਕ ਇਕ ਘਰ ਜਾ ਕੇ ਅਪਣੀ ਗੱਲ ਕਹੀ ਕਿ ਅਸੀਂ ਸਾਰੇ ਇਹ ਦੁੱਖ ਇਸ ਲਈ ਭੋਗ ਰਹੇ ਹਾਂ, ਕਿਉਂਕਿ ਫਿਰਕੂ ਨਫਰਤ ਨੇ ਸਾਰੇ ਸਮਾਜ ਨੂੰ ਅਪਣੀ ਲਪੇਟ ਵਿਚ ਲੈ ਲਿਆ ਹੈ। ਉਹਨੂੰ ਹੈਰਾਨੀ ਹੋਈ। ਹਰ ਕੋਈ ਉਹਦੀ ਗੱਲ ਧਿਆਨ ਨਾਲ ਸੁਣ ਰਿਹਾ ਸੀ ਤੇ ਉਹਦੇ ਨਾਲ ਸਹਿਮਤ ਸੀ।

ਹੁਣ ਉਹਦਾ ਦਰਵਾਜ਼ਾ ਬੰਦ ਨਹੀਂ ਹੈ। ਲੋਕਾਂ ਨਾਲ ਮਿਲਕੇ ਉਹ ਇਕ ਤਾਕਤ ਬਣਦਾ ਜਾ ਰਿਹਾ ਹੈ। ਉਹਦੇ ਨਾਲ ਮਿਲਕੇ ਲੋਕ ਤਾਕਤ ਬਣਦੇ ਜਾ ਰਹੇ ਹਨ। ਇਹ ਅਮਲ ਜਾਰੀ ਹੈ।

ਗੁਰਸ਼ਰਨ ਸਿੰਘ

# ਚੰਡੀਗੜ੍ਹ--ਪੁਆੜੇ ਦੀ ਜੜ੍ਹ

ਗੁਰਸ਼ਰਨ ਸਿੰਘ

ਨਾਟਕ ਦੀ ਭੂਮਿਕਾ ਜੋ ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਭੂਮੀ ਤੋਂ ਬੋਲੀ ਜਾਂਦੀ ਹੈ—

"ਚੰਡੀਗੜ੍ਹ ਨੂੰ ਪੱਥਰਾਂ ਦਾ ਸ਼ਹਿਰ ਕਿਹਾ ਜਾਂਦਾ ਹੈ। ਇਸਦਾ ਪੰਜਾਬ ਅਤੇ ਹਰਿਆਣਾ ਨਾਲ ਕੁਝ ਵੀ ਸਾਂਝਾ ਨਹੀਂ। ਸਿਵਾਏ ਇਸਦੇ ਕਿ ਇਹ ਰਾਜਧਾਨੀ ਹੈ। ਇਸ ਸ਼ਹਿਰ ਦੇ ਬਦਲੇ ਪੰਜਾਬ-ਹਰਿਆਣੇ ਅਤੇ ਹਿੰਦੂ ਸਿੱਖਾਂ ਵਿੱਚ ਜਿਹੜੀ ਤ੍ਰੇੜ ਪਈ ਹੈ—ਉਸ ਦੀ ਪੀੜ ਇਸ ਨਾਟਕ ਵਿਚ ਬਿਆਨੀ ਗਈ ਹੈ। ਨਾਟਕ ਲਿਖਣ ਵੇਲੇ ਨਾਟਕਕਾਰ ਦੇ ਦਿਲ ਉਤੇ ਉਸ ਦੁਖਦਾਇਕ ਘਟਨਾ ਦਾ ਵੀ ਅਸਰ ਹੋਇਆ ਸੀ ਜਦੋਂ ਉਗਰਵਾਦੀਆਂ ਵਲੋਂ ਅੰਮ੍ਰਿਤਸਰ ਦੇ ਨੇੜੇ ਗੋਲਵੜ੍ਹ ਪਿੰਡ ਵਿੱਚ ਬਿਜਲੀ ਬੋਰਡ ਦੇ ਪੰਜ ਹਿੰਦੂ ਕਾਮਿਆਂ ਨੂੰ ਸਿੱਖ ਕਾਮਿਆਂ ਤੋਂ ਵੱਖ ਕਰਕੇ ਗੋਲੀ ਮਾਰ ਦਿਤੀ ਗਈ—ਉਗਰਵਾਦੀਆਂ ਵਲੋਂ ਇਹ ਐਲਾਨ ਵੀ ਕੀਤਾ ਗਿਆ ਕਿ ਜੇਕਰ ਇਕ ਵੀ ਪੰਜਾਬ ਦਾ ਪਿੰਡ ਚੰਡੀਗੜ੍ਹ ਦੇ ਬਦਲੇ ਦਿਤਾ ਗਿਆ ਤਾਂ ਖੂਨ ਦੀਆਂ ਨਦੀਆਂ ਵਗਾ ਦਿਤੀਆਂ ਜਾਣਗੀਆਂ—ਉਗਰਵਾਦੀਆਂ ਵਲੋਂ ਭਾਵੇਂ ਰੋਜ਼ ਘਟਨਾਵਾਂ ਘਟ ਰਹੀਆਂ ਹਨ ਪਰ ਇਹ ਘਟਨਾ ਚੰਡੀਗੜ੍ਹ ਨਾਲ ਜੁੜਦੀ ਹੈ ਕਿਉਂਕਿ ਇਹ ਦਿਨ 20 ਜੂਨ 1986 ਦਾ ਦਿਨ ਸੀ—ਜਦੋਂ ਚੰਡੀਗੜ੍ਹ ਵਾਸੀਆਂ ਵਲੋਂ ਪੰਜਾਬ ਨੂੰ ਚੰਡੀਗੜ੍ਹ ਦਿਤੇ ਜਾਣ ਦੇ ਰੋਸ ਵਜੋਂ ਚੰਡੀਗੜ੍ਹ ਬੰਦ ਕਰ ਦਿਤਾ ਗਿਆ ਸੀ। ਨਾਟਕਕਾਰ ਦਾ ਵਿਸ਼ਵਾਸ ਹੈ ਕਿ ਭ੍ਰਿਸ਼ਟ ਸਿਆਸਤਦਾਨਾਂ ਦੀ ਇਹ ਪੀੜ੍ਹੀ ਨਾ ਇਸ ਗੱਲ ਦੇ ਯੋਗ ਹੈ ਅਤੇ ਨਾ ਹੀ ਇਹ ਹੱਕ ਰੱਖਦੀ ਹੈ ਕਿ ਲੋਕਾਂ ਦੀਆਂ ਤਕਦੀਰਾਂ ਨਾਲ ਖੇਡੇ।

ਨਾਟਕ ਵਿਚ 27 ਜੂਨ ਦਾ ਵੀ ਜ਼ਿਕਰ ਹੈ ਜਦੋਂ ਬਿਜਲੀ ਕਾਮਿਆਂ ਨੇ ਆਪਣੇ ਸਾਥੀਆਂ ਦੇ ਕਤਲ ਦੇ ਰੋਸ ਵਜੋਂ ਕੰਮ ਬੰਦ ਦਾ ਸੱਦਾ ਦਿਤਾ—ਇਸ ਨਫ਼ਰਤ ਦੇ ਵਾਤਾਵਰਨ ਵਿਚ ਇਹ ਕਾਮੇ ਹੀ ਐਸੀ ਉਮੀਦ ਦੀ ਕਿਰਨ ਹਨ, ਜੋ ਆਉਣ ਵਾਲੇ ਸਮੇਂ ਵਿਚ ਆਪਣੇ ਸਾਂਝੇ ਐਕਸ਼ਨ ਨਾਲ ਪੰਜਾਬ ਦੇ ਵਾਤਾਵਰਨ ਨੂੰ ਸੁਖਾਵਾਂ ਬਣਾਉਣਗੇ—

ਚੰਡੀਗੜ੍ਹ ਸਿਰਫ਼ ਪੱਥਰਾਂ ਦੀ ਧਰਤੀ ਹੈ, ਇਸ ਦੇ ਵਾਸਤੇ ਆਪਣੇ ਖੇਤ ਦੇਣੇ ਇਕ ਦੁਖਾਂਤ ਹੈ ਜਿਸਨੂੰ ਸਿਰਫ਼ ਧਰਤੀ ਦੇ ਨੇੜੇ ਵਾਲੇ ਹੀ ਲੋਕ ਮਹਿਸੂਸ ਕਰ ਸਕਦੇ ਹਨ—ਇਹ ਅਹਿਸਾਸ ਵੀ ਇਸ ਨਾਟਕ ਵਿੱਚ ਦੱਸਿਆ ਗਿਆ ਹੈ—

ਨਾਟਕ ਸ਼ੁਰੂ ਹੋਣ ਤੇ ਕੋਰਸ ਵਲੋਂ ਬੋਲੀ ਪਾਈ ਜਾਂਦੀ ਹੈ।

ਕੋਰਸ : ਹਾੜੇ ਹਾੜੇ ਹਾੜੇ
ਸ਼ਹਿਰ ਚੰਡੀਗੜ੍ਹ ਨੇ
ਪਾਏ ਕਈ ਪੁਆੜੇ
ਪੁਆੜੇ ਕਿਉਂ ਪੈਂਦੇ
ਜੇ ਭਾਈ-ਭਾਈ ਦਾ ਸਿਰ ਪਾੜੇ
ਭਾਈ-ਭਾਈ ਦਾ ਸਿਰ ਕਿਉਂ ਪਾੜੇ
ਹਿੱਸਾ ਵੱਧ ਲੈਣ ਦੇ ਮਾਰੇ
ਹਿੱਸਾ ਵੱਧ ਕਿਉਂ ਮੰਗਦੇ
ਲਾਏ ਲੀਡਰਾਂ ਨੇ ਜੋ ਲਾਰੇ
ਲੀਡਰ ਲਾਰੇ ਕਿਉਂ ਲਾਂਦੇ
ਗੱਦੀਆਂ ਸਾਂਭਣ ਦੇ ਮਾਰੇ
ਲੋਕੋ ਹੋਸ਼ ਕਰੋ
ਇਹ ਗੱਦੀਆਂ ਦੇ ਸਭ ਨੇ ਪੁਆੜੇ।

(ਕੋਰਸ ਦੀ ਇਸ ਬੋਲੀ ਦੇ ਦੌਰਾਨ ਤਿੰਨ ਪਾਤਰ ਨਾਚ ਦੇ ਕਦਮਾਂ ਵਿਚ ਇਕ ਕੰਪੋਜ਼ੀਸ਼ਨ ਬਣਾ ਲੈਂਦੇ ਹਨ ਜਿਵੇਂ ਪੱਥਰਾਂ ਦੇ ਬੁੱਤਾਂ ਦਾ ਇਕ ਮਜਮੂਆ ਹੋਵੇ)

ਪਿਠ ਭੂਮੀ ਤੋਂ ਆਵਾਜ਼—

ਚੰਡੀਗੜ੍ਹ ਪੱਥਰਾਂ ਦਾ ਘਰ
ਚੰਡੀਗੜ੍ਹ ਨੌਕਰ ਸ਼ਾਹੀ ਦਾ ਗੜ੍ਹ
ਚੰਡੀਗੜ੍ਹ ਭ੍ਰਿਸ਼ਟ ਸਿਆਸਤ ਦਾ ਜਨਮਦਾਤਾ
ਚੰਡੀਗੜ੍ਹ ਪੁਆੜੇ ਦੀ ਜੜ੍ਹ

ਆਵਾਜ਼ : ਚੰਡੀਗੜ੍ਹ ਤੈਨੂੰ ਪੰਜਾਬੀ ਚੰਗੀ ਲਗਦੀ ਹੈ ?

ਤਿੰਨੋਂ ਪਾਤਰ : (ਵੱਡੀ ਸਾਰੀ ਨਾਂਹ ਵਿਚ ਸਿਰ ਹਿਲਾਂਦੇ ਹਨ)

ਆਵਾਜ਼ : ਚੰਡੀਗੜ੍ਹ ਤੈਨੂੰ ਹਿੰਦੀ ਚੰਗੀ ਲਗਦੀ ਹੈ ?

ਤਿੰਨੋਂ ਪਾਤਰ : (ਪਹਿਲੀ ਵਾਲੀ ਮੁਦਰਾ ਦੁਹਰਾਉਂਦੇ ਹਨ)

ਆਵਾਜ਼ : ਚੰਡੀਗੜ੍ਹ ਤੈਨੂੰ ਅੰਗਰੇਜ਼ੀ ਚੰਗੀ ਲਗਦੀ ਹੈ।

ਤਿੰਨੋਂ ਪਾਤਰ : (ਵੱਡੀ ਸਾਰੀ ਹਾਂ ਵਿਚ ਸਿਰ ਹਿਲਾਂਦੇ ਹਨ)

ਆਵਾਜ਼ : ਚੰਡੀਗੜ੍ਹ ਤੈਨੂੰ ਬਰਨਾਲਾ ਚੰਗਾ ਲਗਦੈ ?

ਤਿੰਨੋਂ ਪਾਤਰ : (ਵੱਡੀ ਸਾਰੀ ਨਾਂਹ ਵਿਚ ਸਿਰ ਹਿਲਾਉਂਦੇ ਹਨ)

ਆਵਾਜ਼ : ਚੰਡੀਗੜ੍ਹ ਤੈਨੂੰ ਬੰਸੀ ਲਾਲ ਚੰਗਾ ਲਗਦੈ ?
ਤਿੰਨੋਂ ਪਾਤਰ : (ਵੱਡੀ ਸਾਰੀ ਨਾਂਹ ਵਿਚ ਸਿਰ ਹਿਲਾਉਂਦੇ ਹਨ)
ਆਵਾਜ਼ : ਚੰਡੀਗੜ੍ਹ ਤੈਨੂੰ ਰਾਜੀਵ ਚੰਗਾ ਲਗਦੈ ?
ਤਿੰਨੋਂ ਪਾਤਰ : ਵੱਡੀ ਸਾਰੀ ਹਾਂ—ਪ੍ਰਭਾਵ ਇਹ ਹੈ ਕਿ ਉਹ ਤਾਂ ਮਾਹੀ ਮੁੰਡਾ ਹੈ)
ਨੋਟ :—ਇਥੇ ਐਕਸ਼ਨ ਫਰੀਜ਼ ਹੁੰਦਾ ਹੈ ਅਤੇ ਲੋਕ ਧੁਨ ਵਿਚ ਕੋਰਸ ਦੀ ਆਵਾਜ਼ ਉੱਚੀ ਹੁੰਦੀ ਹੈ :
ਕੋਰਸ : ਪਹਿਲੀ ਵਾਰ ਮੈਨੂੰ ਬਰਨਾਲਾ ਲੈਣ ਆਇਆ
ਬਰਨਾਲਾ ਦਿਲ ਦਾ ਕਾਲਾ—ਬਰਨਾਲੇ ਹੱਥੋਂ ਹੋਈ ਹਾਂ ਮੈਂ ਸੜਕੇ ਸੁਆਹ
ਬੂਹਾ ਖੋਹਲਿਆ ਨਾ ਜਾਏ—ਘੁੰਡ ਚੁੱਕਿਆ ਨਾ ਜਾਏ
ਮੂੰਹੋਂ ਬੋਲਿਆ ਨਾ ਜਾਏ—ਪੈਰ ਪੁੱਟਿਆ ਨਾ ਜਾਏ
ਨਹੀਂ ਜਾਣਾ ਮੇਰੀ ਮਾਏ ਬਰਨਾਲੇ ਨਾਲ ਨਹੀਂ ਜਾਣਾ
ਦੂਜੀ ਵਾਰ ਮੈਨੂੰ ਬੰਸੀ ਲਾਲਾ ਲੈਣ ਆਇਆ
ਲਾਲਾ ਲਗਦਾ ਸਾਲਾ—ਲਾਲੇ ਹੱਥੋਂ ਹੋਈ ਹਾਂ ਮੈਂ ਸੜਕੇ ਸੁਆਹ
ਬੂਹਾ ਖੋਹਲਿਆ ਨਾ ਜਾਏ—ਘੁੰਡ ਚੁੱਕਿਆ ਨਾ ਜਾਏ
ਮੂੰਹੋਂ ਬੋਲਿਆ ਨਾ ਜਾਏ—ਪੈਰ ਪੁੱਟਿਆ ਨਾ ਜਾਏ
ਨਹੀਂ ਜਾਣਾ ਮੇਰੀ ਮਾਏ ਮੈਂ ਲਾਲੇ ਨਾਲ ਨਹੀਂ ਜਾਣਾ
ਤੀਜੀ ਵਾਰ ਮਾਹੀ ਦਿੱਲੀਉਂ ਆਪ ਲੈਣ ਆਇਆ
ਮਾਹੀ ਦਿਲਾਂ ਦਾ ਰਾਹੀ—ਮਾਹੀ ਵੇਖ ਮੈਨੂੰ ਹੁਣ ਚੜ੍ਹਿਆ ਈ ਚਾਅ
ਬੂਹਾ ਖੋਲ੍ਹਿਆ ਵੀ ਜਾਏ—ਘੁੰਡ ਚੁੱਕਿਆ ਵੀ ਜਾਏ
ਮੂੰਹੋਂ ਬੋਲਿਆ ਵੀ ਜਾਏ—ਪੈਰ ਪੁੱਟਿਆ ਵੀ ਜਾਏ
ਤੁਰ ਜਾਣਾ ਮੇਰੀ ਮਾਏ ਮੈਂ ਮਾਹੀ ਨਾਲ ਤੁਰ ਜਾਣਾ—
ਨੋਟ : ਕੋਰਸ ਦੇ ਦਰਮਿਆਨ ਤਿੰਨੋਂ ਪਾਤਰ ਕਿਸੇ ਸ਼ਰਮੀਲੀ ਨਾਰ ਵਾਂਗ ਐਕਸ਼ਨ ਕਰਦੇ ਫਰੀਜ਼ ਹੁੰਦੇ ਹਨ।
ਇਕ ਆਵਾਜ਼ : ਸੋਹਣਾ ਫੁੱਲ ਗੁਲਾਬ ਦਾ
ਚੰਡੀਗੜ੍ਹ ਪੰਜਾਬ ਦਾ
ਦੂਜੀ ਅਵਾਜ਼ : ਲਾਲ ਰੰਗ ਹਦਵਾਣੇ ਕਾ
ਹਰਿਆਣਵੀ ਵਿਚ : ਚੰਡੀਗੜ੍ਹ ਹਰਿਆਣੇ ਕਾ
[ਇਸੇ ਦੌਰਾਨ ਦੋ ਪਾਤਰ ਇਕ ਚਿੱਟੀ ਟੋਪੀ ਅਤੇ ਦੂਜਾ ਨੀਲੀ ਪੱਗ ਵਾਲਾ ਆ ਕੇ ਆਪਸ ਵਿਚ ਲੜਾਈ ਦੀ ਮੁਦਰਾ ਵਿਚ ਐਕਸ਼ਨ ਕਰਦੇ ਹਨ—ਨਾਅਰੇ ਵੀ ਤੇਜ਼ ਹੁੰਦੇ ਜਾਂਦੇ ਹਨ ਅਤੇ ਲੜਾਈ ਦੀਆਂ ਮੁਦਰਾਵਾਂ ਵੀ ਤੇਜ਼ ਹੁੰਦੀਆਂ ਤੇ ਇਕ ਵਿਸ਼ੇਸ਼ ਮੁਦਰਾ ਵਿਚ ਸਾਰਾ ਐਕਸ਼ਨ ਫਰੀਜ਼ ਹੁੰਦਾ ਹੈ।]
ਆਵਾਜ਼ : ਛੋਰੇ ਹਰਿਆਣੇ ਦੇ—ਮੁੰਡੇ ਪੰਜਾਬ ਦੇ
ਚੰਡੀਗੜ੍ਹ ਦੋਨੋਂ ਪੱਟੇ—ਤੇਰੇ ਸ਼ਬਾਬ ਦੇ
ਲੱਖ ਤੇਰੇ ਤੇ ਆਉਣ ਸ਼ਬਾਬ—ਭਾਵੇਂ ਆਉਣ ਹੁਸਨ ਦੇ ਹੜ੍ਹ
ਪਰ ਫਿਰ ਵੀ ਚੰਡੀਗੜ੍ਹ—ਤੂੰ ਹੈਂ ਪੁਆੜੇ ਦੀ ਜੜ੍ਹ
ਨੋਟ :-ਸੰਗੀਤ ਦੀ ਲੈਅ ਵਿਚ ਪਹਿਲੀ ਕੰਪੋਜ਼ੀਸ਼ਨ ਟੁੱਟਦੀ ਹੈ, ਦੂਸਰੀ ਕੰਪੋਜ਼ੀਸ਼ਨ ਬਣਨੀ ਸ਼ੁਰੂ ਹੁੰਦੀ ਹੈ।
ਕੋਰਸ : ਆਰੀ ਆਰੀ ਆਰੀ
ਸ਼ਹਿਰ ਚੰਡੀਗੜ੍ਹ ਦੀ
ਨਾਲ ਵੱਡਿਆਂ ਦੇ ਯਾਰੀ
ਵੱਡੇ ਲੋਕ ਕਿੰਝ ਬਣਦੇ
ਇਨ੍ਹਾਂ ਨੇ ਖਾਂਦੇ ਮਾਲ ਸਰਕਾਰੀ
ਮਾਲ ਲੋਕੋ ਕਿਥੋਂ ਆਉਂਦਾ
ਛਿਲ ਲਹਿੰਦੀ ਤੁਸਾਂ ਦੀ ਭਾਰੀ
ਮਾਲ ਲੋਕੋ ਕਿਥੋਂ ਆਉਂਦਾ
ਭਾਰੀ ਭਾਰੀ ਭਾਰੀ
ਸ਼ਹਿਰ ਚੰਡੀਗੜ੍ਹ ਦੀ
ਨਾਲ ਵੱਡਿਆਂ ਦੇ ਯਾਰੀ
[ਤਿੰਨੇ ਪਾਤਰ ਤਿੰਨ ਸਖ਼ਤ ਅਫਸਰਾਂ ਦੇ ਰੂਪ ਵਿਚ ਬੈਠ ਜਾਂਦੇ ਹਨ। ਇਕ ਪੇਂਡੂ ਜਿਹਾ ਬੰਦਾ ਹਰ ਇਕ ਕੋਲ ਵਾਰੀ ਵਾਰੀ ਅਰਜ਼ੀ ਦੇਂਦਾ ਹੈ—ਤਿੰਨੋ ਬੁਰੀ ਤਰ੍ਹਾਂ ਠੁਕਰਾ ਦੇਂਦੇ ਹਨ—ਉਹ ਬੇਬਸੀ ਵਿਚ ਮਾਯੂਸੀ ਭਰੀ ਮੁਦਰਾ ਵਿਚ ਖਲੋ ਜਾਂਦਾ ਹੈ।]
ਆਵਾਜ਼ : ਚੰਡੀਗੜ੍ਹ —
ਪੱਥਰ ਤੂੰ ਪੱਥਰ ਤੇਰੇ ਘਰ
ਪੱਥਰ ਤੇਰੇ ਦਫ਼ਤਰ
ਪੱਥਰ ਤੇਰੇ ਅਫਸਰ
ਹੈਂਕੜਬਾਜ਼ ਤੇ ਮਗ਼ਰੂਰ
ਲੋਕਾਂ ਕੋਲੋਂ ਕੋਹਾਂ ਦੂਰ
ਚੰਡੀਗੜ੍ਹ
ਪੱਥਰ ਹੈ ਤੇਰੀ ਬੁਨਿਆਦ
ਟਕਰਾਕੇ ਵਾਪਸ ਆਂਦੀ ਹਰ ਫਰਿਆਦ
ਨੋਟ : ਇਸ ਦਰਮਿਆਨ ਤਿੰਨੇ ਅਫਸਰ ਇਕ ਕਲੱਬ ਘਰ ਦੀ ਕੰਪੋਜ਼ੀਸ਼ਨ ਬਣਾ ਲੈਂਦੇ ਹਨ ਅਤੇ ਸੰਗੀਤ ਦੀ ਲੈਅ ਵਿਚ ਇਕ ਪਾਤਰ ਰੰਬਾ ਨਾਚ ਕਰਦਾ ਹੈ—ਦੂਜੇ ਸ਼ਰਾਬ ਪੀਂਦੇ ਤੇ ਤਾਸ਼ ਖੇਡਦੇ ਹਨ।
ਆਵਾਜ਼ :
ਚੰਡੀਗੜ੍ਹ—
ਅਸੀਂ ਤੇਰੇ ਲਈ ਲੁੱਟੇ ਗਏ ਹਾਂ
ਅਸੀਂ ਤੇਰੇ ਲਈ ਪੁੱਟੇ ਗਏ ਹਾਂ
ਅਸੀਂ ਤੇਰੇ ਲਈ ਰਹੇ ਹਾਂ ਮਰ
ਤੂੰ ਸਾਡੇ ਲਈ ਕੁਝ ਤਾਂ ਕਰ

ਚੰਡੀਗੜ੍ਹ—ਤੇਰਾ ਕੁਝ ਵੀ ਸਾਡੇ ਵਰਗਾ ਨਹੀਂ
ਤੂੰ ਕੰਨ ਸਾਡੇ ਵੱਲ ਕਰਦਾ ਨਹੀਂ
ਚੰਡੀਗੜ੍ਹ—ਕਿਉਂ ਨਾ ਆਖੀਏ ਤੂੰ ਪੁਆੜੇ ਦੀ ਜੜ੍ਹ

[ਪਲ ਦੀ ਪਲ ਸਾਰਾ ਦ੍ਰਿਸ਼ ਫਰੀਜ਼ ਹੁੰਦਾ ਹੈ, ਫੇਰ ਕੋਰਸ ਵਲੋਂ ਸੰਗੀਤ ਵੱਜਦਾ ਹੈ—ਪਹਿਲੀ ਕੰਪੋਜ਼ੀਸ਼ਨ ਟੁੱਟਦੀ ਹੈ। ਪਹਿਲੇ ਪਾਤਰ ਬਾਹਰ ਜਾਂਦੇ ਹਨ—ਨੀਲੀਆਂ ਪੱਗਾਂ ਤੇ ਚਿੱਟੀਆਂ ਟੋਪੀਆਂ ਵਾਲੇ ਪਾਤਰ ਕਾਲੀਆਂ ਐਨਕਾਂ ਲਾਈ ਮੰਚ ਤੇ ਆਉਂਦੇ ਹਨ]

ਕੋਰਸ : ਦਾਣੇ ਦਾਣੇ ਦਾਣੇ
ਵਿਚ ਚੰਡੀਗੜ੍ਹ ਦੇ
ਰਹਿੰਦੇ ਲੀਡਰ ਕਾਣੇ

ਲੀਡਰ ਕਿੰਝ ਬਣਦੇ
ਲਾ ਲੋਕਾਂ ਨੂੰ ਝੂਠੇ ਲਾਰੇ
ਉਏ ਲਾਰੇ ਕਿਉਂ ਲਾਉਂਦੇ
ਲੋਕ ਛਲਣ ਦੇ ਮਾਰੇ
ਓਏ ਲੋਕ ਨੇ ਕਿੰਝ ਛਲਦੇ
ਪਾ ਨੀਲੇ ਚਿੱਟੇ ਬਾਣੇ
ਲੋਕ ਨੇ ਇੰਝ ਛਲਦੇ
ਬਾਣੇ ਬਾਣੇ ਬਾਣੇ
ਵਿਚ ਚੰਡੀਗੜ੍ਹ ਦੇ
ਰਹਿੰਦੇ ਲੀਡਰ ਕਾਣੇ

ਨੋਟ : ਇਸ ਕੋਰਸ ਦਰਮਿਆਨ ਉਹ ਮੰਚ ਤੇ ਇਕ ਚੱਕਰ ਲਗਾ ਕੇ ਵਾਪਸ ਚਲੇ ਜਾਂਦੇ ਹਨ—ਮੰਚ ਖਾਲੀ ਹੈ।

ਆਵਾਜ਼ : ਚੰਡੀਗੜ੍ਹ—ਤੂੰ ਭ੍ਰਿਸ਼ਟ ਰਾਜਨੀਤੀ ਦਾ ਗੜ੍ਹ
ਦੰਭੀ ਸਿਆਸਤਦਾਨਾਂ ਦਾ ਘਰ
ਕੁਰਸੀ ਖਾਤਿਰ ਜੋ ਦੀਨ ਵੇਚਦੇ
ਕੁਰਸੀ ਖਾਤਿਰ ਜੋ ਈਨ ਵੇਚਦੇ
ਝੂਠ ਬੋਲਦੇ ਕੁਫਰ ਤੋਲਦੇ
ਲਾ ਲਾਰੇ ਲੋਕਾਂ ਨੂੰ ਰੋਲਦੇ
•ਇਹ ਹਨ ਮੰਡੀ ਦਾ ਵਿਕਾਊ ਮਾਲ
ਜਿਸ ਨੇ ਵਿਖਾਈ ਗੁੱਥੀ
ਚੱਲ ਪਏ ਬਸ ਉਹਦੇ ਨਾਲ—

[ਪਹਿਲੀ ਲੈਅ ਵਿਚ ਹੀ ਅੱਗੇ-ਅੱਗੇ ਮੁੱਖ ਮੰਤਰੀ, ਪਿਛੇ ਐਮ. ਐਲ. ਏਆਂ ਦਾ ਟੋਲਾ ਆਉਂਦਾ ਹੈ—ਸੰਗੀਤ ਬੰਦ ਹੋਣ ਤੇ ਨਾਟਕ ਸ਼ੁਰੂ ਹੁੰਦਾ ਹੈ]

ਮੁੱਖ ਮੰਤਰੀ : (ਉਨ੍ਹਾਂ ਵਿਚੋਂ ਤਿੰਨ ਨੂੰ ਵਾਰੀ ਵਾਰੀ ਬੁਲਾਉਂਦਾ ਹੈ) ਭਜਨ ਸਿਆਂ ਤੂੰ ਮਾਲ ਮੰਡੀ ਦਾ ਚੇਅਰਮੈਨ। ਸੱਜਣ ਸਿਆਂ ਤੂੰ ਬਿਜਲੀ ਬੋਰਡ ਦਾ ਲਾਲਟੈਨ। ਗੱਜਣ ਸਿਆਂ ਤੂੰ ਫੌਜੀ ਬੋਰਡ ਦਾ ਲਫਟੈਨ। (ਬਾਕੀਆਂ ਨੂੰ) ਤੁਸੀਂ ਵੀ ਆਵੋ ਢਾਣੀ ਦੀ ਢਾਣੀ।

ਆਵਾਜ਼ : ਮੁੱਖ ਮੰਤਰੀ ਜੀ ਇਹ ਢਾਣੀ ਕਿਥੇ ਹੈ ਲਾਣੀ ?

ਮੁੱਖ ਮੰਤਰੀ : ਸੱਜਣ ਜੀ—ਇਹ ਲਹਿਰਾਂ ਗਿਣਨ ਤੇ ਲਾਣੀ

ਕੋਰਸ : ਤਾਣੀ-ਤਾਣੀ-ਤਾਣੀ
ਫੌਜ ਮੰਤਰੀਆਂ ਦੀ
ਅਸੀਂ ਲਹਿਰਾਂ ਗਿਣਨ ਤੇ ਲਾਣੀ

[ਪਲ ਦੀ ਪਲ ਐਕਸ਼ਨ ਫਰੀਜ਼]

ਆਵਾਜ਼ : ਚੰਡੀਗੜ੍ਹ—
ਤੇਰੀ ਹਿੱਕ ਤੇ ਰੋਜ਼ ਗਾਰਡਨ
ਤੇਰੀ ਹਿੱਕ ਤੇ ਰੌਕ ਗਾਰਡਨ
ਪਰ ਤੇਰੀ ਸਿਫਤ ਇਕ ਹੈ ਹੋਰ
ਤੇਰੇ ਦਰ ਤੇ ਜਿਹੜਾ ਕਦਮ ਹੈ ਰੱਖਦਾ
ਬਣ ਜਾਂਦਾ ਉਹ ਵੱਡਾ ਚੋਰ
ਏਸੇ ਲਈ ਹੀ ਚੰਡੀਗੜ੍ਹ
ਲੋਕੀਂ ਆਖਣ ਕੋਠੇ ਚੜ੍ਹ
ਤੂੰ ਹੈਂ ਹਰ ਪੁਆੜੇ ਦੀ ਜੜ੍ਹ

ਕੋਰਸ : ਤਾਣੀ ਤਾਣੀ ਤਾਣੀ
ਫੌਜ ਮੰਤਰੀਆਂ ਦੀ
ਲਹਿਰਾਂ ਗਿਣਨ ਤੇ ਲਾਣੀ

ਨੋਟ : ਸੰਗੀਤ ਦੀ ਇਸੇ ਲੈਅ ਵਿਚ ਮੁੱਖ ਮੰਤਰੀਆਂ ਦੀ ਫੌਜ ਬਾਹਰ ਜਾਂਦੀ ਹੈ ਤੇ ਇਕ ਦਮ ਭਿਆਨਕ ਸਾਜ਼ ਵੱਜਦਾ ਹੈ—ਫੇਰ ਚੀਕਾਂ—"ਸਾਨੂੰ ਨਾ ਮਾਰੋ—ਅਸੀਂ ਤੁਹਾਡਾ ਕੀ ਵਿਗਾੜਿਆ ਏ...ਫਿਰ ਇਕ ਦਮ ਸੰਨਾਟਾ ਤੇ ਤਬਲੇ ਦੀ ਠਾਪ ਨਾਲ ਅੱਖ ਦੇ ਫੋਰ ਵਿਚ ਗੋਲਵੜ੍ਹ ਦਾ ਸੀਨ ਪੇਸ਼ ਹੁੰਦਾ ਹੈ—ਬਿਜਲੀ ਬੋਰਡ ਦੇ ਕਾਮੇ ਕੰਮ ਤੇ ਲੱਗੇ ਹੋਏ ਹਨ। ਦੋ ਉਗਰਵਾਦੀ ਜਿਨ੍ਹਾਂ ਦੇ ਚਿਹਰੇ ਢੱਕੇ ਹਨ, ਦੋ ਸਿੱਖਾਂ ਨੂੰ ਵੱਖ ਕਰਕੇ ਪੰਜ ਹਿੰਦੂਆਂ ਨੂੰ ਮਾਰਦੇ ਹਨ। ਸੰਗੀਤ ਦੀ ਦਰਦ ਭਰੀ ਲੈਅ—)

ਆਵਾਜ਼ : ਚੰਡੀਗੜ੍ਹ
ਸੁਣ ਕੀ-ਬੀਤਿਆ ਗੋਲਵੜ੍ਹ
ਹਾਂ ਹਾਂ ਕੀ ਬੀਤਿਆ ਗੋਲਵੜ੍ਹ
ਕੁਝ ਬਿਜਲੀ ਕਾਮੇ ਘਰੋਂ ਆਏ
ਦਫਤਰ ਦੇ ਅਫਸਰਾਂ ਕੰਮ ਤੇ ਲਾਏ
ਕੁਝ ਸਿੱਖ ਕੁਝ ਹਿੰਦੂ ਮਾਵਾਂ ਦੇ ਜਾਏ
ਏਨੇ ਵਿਚ ਦੋ ਉਗਰਵਾਦੀ ਆਏ
ਹੱਥ ਵਿਚ ਸਟੇਨ ਲੈ ਸਭ ਡਰਾਏ
ਸਿੱਖ ਇਕ ਪਾਸੇ ਕਰ ਬਿਠਾਏ
ਸਿੱਖੀ ਦੇ ਨਾਂ ਉਨ੍ਹਾਂ ਚੰਨ ਚੜ੍ਹਾਏ

ਆਖਣ ਅਸੀਂ ਦਸ਼ਮੇਸ਼ ਦੇ ਜਾਏ
ਜੇ ਚੰਡੀਗੜ੍ਹ ਬਦਲੇ ਇਕ ਪਿੰਡ ਵੀ ਜਾਏ
ਲਹੂਆਂ ਦੀ ਦਿਆਂਗੇ ਨਦੀ ਵਗਾਏ
ਚੰਡੀਗੜ੍ਹ ਇਹ ਸਭ ਤੇਰੇ ਨਾਂ ਤੇ ਚਲਦਾ
ਲਹੂ ਬੇਦੋਸ਼ਿਆਂ ਦਾ ਖੁੱਲਾ ਡੁੱਲਦਾ

ਕੋਰਸ : ਤੋਸ਼ੇ ਤੋਸ਼ੇ ਤੋਸ਼ੇ
ਚੰਡੀਗੜ੍ਹ ਦੀ ਖਾਤਿਰ
ਮਾਰੇ ਗਏ ਕਈ ਲੋਕ ਬੇਦੋਸ਼ੇ
ਬੇਦੋਸ਼ੇ ਕਿਉਂ ਮਰਦੇ
ਇਹ ਮਛਰੇ ਫਿਰਕੂ ਹੋਛੇ
ਬੇਦਸ਼ੇ ਇਉਂ ਮਰਦੇ
ਹੋਛੇ ਹੋਛੇ ਹੋਛੇ
ਵਿਚ ਗੋਲਵੜ੍ਹ ਦੇ
ਹਾਏ ਮਾਰੇ ਗਏ ਲੋਕ ਬੇਦੋਸ਼ੇ
ਲੋਕੋ ਨੱਥ ਪਾਵੋ
ਮਛਰੇ ਫਿਰਕੂ ਹੋਛੇ

[ਇਸ ਦਰਮਿਆਨ, ਸੱਤ ਦੇ ਸੱਤ ਪਾਤਰ ਉਠ ਖਲੋਂਦੇ ਹਨ। ਇਕ ਦਮ ਸੰਗੀਤ ਦੀ ਲੈਅ ਉਦਾਸੀ ਤੋਂ ਬਦਲ ਕੇ ਰੋਹ ਵਿਚ ਆਉਂਦੀ ਹੈ, ਪਾਤਰ ਵੀ ਰੋਹ ਵਿਚ ਆ ਜਾਂਦੇ ਹਨ ਸਾਰੇ ਇਕ ਨੁੱਕਰ ਵਿਚੋਂ (ਕਲਪਿਤ) ਚੰਡੀਗੜ੍ਹ ਨੂੰ ਸੰਬੋਧਨ ਕਰਦੇ ਹਨ]

ਆਵਾਜ਼ : (ਸੱਤੇ ਪਾਤਰ ਬੋਲ੍ਹਾਂ ਦੇ ਨਾਲ ਨਾਲ ਐਕਸ਼ਨ ਕਰਦੇ ਹਨ) ਚੰਡੀਗੜ੍ਹ—
ਇਹ ਸਭ ਤੇਰੇ ਨਾਂ ਤੇ ਚਲਦਾ
ਲਹੂ ਬੇਦੋਸ਼ਿਆਂ ਦਾ ਖੁੱਲਾ ਡੁੱਲਦਾ
ਪਰ ਤੂੰ ਬਣਿਆ ਪੱਥਰ ਦਾ ਪੱਥਰ
ਏਥੇ ਲੱਗ ਗਏ ਲਾਸ਼ਾਂ ਦੇ ਸੱਥਰ
ਪੱਥਰ ਤੇਰੇ ਲੋਕ ਪੱਥਰ ਤੇਰੇ ਘਰ
ਵਿਚ ਪੱਥਰਾਂ ਦੇ ਤੂੰ ਹੈਂ ਘਿਰਿਆ
ਤੂੰ ਪੱਥਰਾਂ ਦਾ ਗੜ੍ਹ—
ਤੇਨੂੰ ਅਸੀਂ ਹੁਣ ਜਾਣ ਲਿਆ ਹੈ
ਚੰਗੀ ਤਰ੍ਹਾਂ ਪਹਿਚਾਣ ਲਿਆ ਹੈ
ਤੂੰ ਹੈਂ ਉਸ ਨਿਜ਼ਾਮ ਦਾ ਚਿੰਨ
ਜਿੱਥੇ ਰਾਤ ਹੋਵੇ ਜਾਂ ਦਿਨ
ਜਿਹੜੇ ਇਥੇ ਮਿਹਨਤ ਕਰਦੇ
ਲੁੱਟ ਹੁੰਦੇ ਤੇ ਭੁੱਖੇ ਮਰਦੇ
ਤਖ਼ਤ ਤੇ ਭਾਵੇਂ ਚਿੱਟੀ ਹੋਵੇ
ਭਾਵੇਂ ਹੋਵੇਂ ਨੀਲੀ ਪੱਗ
ਸਾਡੇ ਲਈ ਤਾਂ ਦੋਵੇਂ ਇਕੋ
ਜਿਹਨਾਂ ਚੂਸਣੀ ਸਾਡੀ ਰੱਤ
ਭਾਵੇਂ ਉਥੇ ਹੋਵੇ ਬਰਨਾਲਾ
ਭਾਵੇਂ ਹੋਵੇ ਬੰਸੀ ਲਾਲਾ
ਪਰ ਸਾਡੇ ਲਈ ਤਾਂ ਰਹਿਣਾ
ਉਥੇ ਦਾ ਉਥੇ ਪਰਨਾਲਾ—

(ਲੈਅ ਵਿਚ ਰੋਹ ਆਉਂਦਾ ਹੈ)

ਪਰ ਹੁਣ ਸਮੇਂ ਨੇ ਪਾਸਾ ਪਰਤ ਲਿਆ ਹੈ
ਕਰਨ ਲਈ ਨਵਾਂ ਕਾਂਡ ਆਰੰਭ
ਇਧਰ ਵੇਖੋ ਬੰਦ ਹੀ ਬੰਦ
ਉਧਰ ਵੇਖੋ ਬੰਦ ਹੀ ਬੰਦ
20 ਜੂਨ ਨੂੰ ਤੂੰ ਸੀ ਬੰਦ
21 ਜੂਨ ਹਰਿਆਣਾ ਬੰਦ
22 ਜੂਨ ਅੰਮ੍ਰਿਤਸਰ ਬੰਦ
23 ਜੂਨ ਨਕੋਦਰ ਬੰਦ
24 ਜੂਨ ਪਟਿਆਲਾ ਬੰਦ
25 ਜੂਨ ਅੰਬਾਲਾ ਬੰਦ
26 ਜੂਨ ਨੂੰ ਮੋਗਾ ਬੰਦ
ਜਿਧਰ ਵੇਖੋ ਬੰਦ ਹੀ ਬੰਦ
ਪਰ ਇਹ ਸਾਰੇ ਬੰਦ
ਫਿਰਕੂ ਨਾਗਾਂ ਦੇ ਬੰਦ
ਇਹ ਸਾਰੇ ਨਫ਼ਰਤ ਦੇ ਬੰਦ
ਸਾਰੇ ਭਰਾ-ਮਾਰਾਂ ਦੇ ਬੰਦ

(ਲੈਅ ਵਿਚ ਹੋਰ ਰੋਹ)

ਪਰ ਹੁਣ ਆਵੇਗਾ ਜੂਨ ਸਤਾਈ
ਸੱਚ ਦੀ ਕਰਕੇ ਸੁਣਵਾਈ
ਕਾਮਿਆਂ ਜਦੋਂ ਆਵਾਜ਼ ਉਠਾਈ
ਬੰਦ ਦੀ ਇਹ ਜੋ ਰੀਤ ਹੈ ਪਾਈ
ਹੁਣ ਕਾਮੇ ਕਰਨਗੇ ਐਸਾ ਬੰਦ
ਹਿੱਲ ਜਾਏਗਾ ਇਹ ਪ੍ਰਬੰਧ

ਜਿਸ ਵਿਚ— ਧਰਮਾਂ ਦੇ ਨਾਂ ਤੇ ਉਗਰਵਾਦ
ਸ਼ਿਵ ਸੈਨਾ ਤੇ ਫਾਸ਼ੀਵਾਦ
ਫੇਰ ਹੋਵੇਗਾ ਐਸਾ ਬੰਦ
ਭੱਜ ਜਾਏਗਾ ਇਹ ਪ੍ਰਬੰਧ
ਝੂਠੇ ਬੰਦ ਝੂਠਾ ਪ੍ਰਬੰਧ

(ਲੈਅ ਵਿਚ ਹੋਰ ਜੋਸ਼)

ਚੰਡੀਗੜ੍ਹ— ਤੂੰ ਪੁਆੜੇ ਦੀ ਜੜ੍ਹ
ਜਦੋਂ ਵੀ ਤੇਰਾ ਝਗੜਾ ਉਠਦਾ
ਸਾਡੇ ਖੇਤਾਂ ਨਾਲ ਆ ਜੁੜਦਾ

ਕਦੀ ਅਬੋਹਰ ਫਾਜ਼ਿਲਕਾ ਪਿੰਡ ਹਜ਼ਾਰ
ਕਦੀ ਧਰਤੀ ਏਕੜ ਸੱਤਰ ਹਜ਼ਾਰ
ਚੰਡੀਗੜ੍ਹ ਤੂੰ ਚਿੱਟਾ ਹਾਥੀ ਸਾਨੂੰ ਨਹੀਂ ਆਵੇਂਗਾ ਰਾਸ
ਸਾਂਭ ਆਪਣੇ ਗੀਟੇ ਪੱਥਰ ਨੀਲੇ ਚਿੱਟੇ ਸਿਆਸਤਦਾਨ
ਇਕੋ ਥੈਲੀ ਦੇ ਚੱਟੇ ਵੱਟੇ ਆਪਣੀ ਹਿੱਕ ਤੇ ਲੈ ਬਿਠਾਲ
ਇਧਰ ਰਹਿ ਉਧਰ ਰਹਿ, ਰਹਿ ਭਾਵੇਂ ਤੂੰ ਵਿਚ ਵਿਚਾਲ
ਪਰ ਖਾਤਿਰ ਤੇਰੀ ਅਸੀਂ ਖੇਤ ਨਹੀਂ ਕਰਨੇ ਕੁਰਬਾਨ
ਇਹੀ ਹੈ ਸਾਡਾ ਏਲਾਨ—ਇਹੀ ਰਹੂ ਸਾਡਾ ਏਲਾਨ

ਅਸੀਂ ਆਪਸ ਦੇ ਵਿਚ ਲੜਨਾ ਨਹੀਂ
ਅਸੀਂ ਤੇਰੀ ਖਾਤਿਰ ਮਰਨਾ ਨਹੀਂ

[ਇਸ ਐਕਸ਼ਨ ਵਿਚ ਪੱਲ ਦੇ ਪੱਲ ਫਰੀਜ਼ ਹੁੰਦੇ ਹਨ ਪਰ ਕੋਰਸ ਦਾ ਸੰਗੀਤ ਸ਼ੁਰੂ ਹੋਣ ਤੇ ਹਰਕਤ ਵਿਚ ਆਂਦੇ ਹਨ]

ਕੋਰਸ— ਫੀਤਾ-ਫੀਤਾ ਫੀਤਾ
ਧਰਤੀ ਦੇ ਪੁੱਤਰਾਂ ਨੇ
ਹੈ ਅੱਜ ਫੈਸਲਾ ਕੀਤਾ

ਕੀਤਾ ਕੀਤਾ ਕੀਤਾ
ਆਪਸ ਵਿਚ ਲੜਣਾ ਨਹੀਂ
ਜਾਮ ਸਾਂਝਾਂ ਦਾ ਪੀਤਾ

ਪੀਤਾ ਪੀਤਾ ਪੀਤਾ
ਧਰਤੀ ਦੇ ਪੁੱਤਰਾਂ ਨੇ
ਜਾਮ ਸਾਂਝਾਂ ਦਾ ਪੀਤਾ

[ਬਾਹਰ ਜਾਂਦੇ ਹਨ, ਨਾਟਕ ਸਮਾਪਤ ਹੁੰਦਾ ਹੈ]

o

---

- ਖਾਲਿਸਤਾਨੀ ਦਹਿਸ਼ਤਗਰਦਾਂ ਵਲੋਂ ਨਿੱਤ ਕੀਤੇ ਜਾ ਰਹੇ ਕਤਲੇਆਮ
- ਹਿੰਦੂ (ਸ਼ਿਵਸੈਨੀ, ਸੁਰਖਿਆ ਸੰਮਤੀਆਂ) ਵਲੋਂ ਭੜਕਾਏ ਜਾ ਰਹੇ ਫਿਰਕੂ ਜਨੂੰਨ
- ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਦੀ ਲੋਕ-ਦੋਖੀ ਨੀਤੀਆਂ ਅਤੇ ਚਾਲਾਂ ਦੇ ਵਿਰੁਧ ਸੰਗਰਾਮ ਦੀਆਂ ਰੌਸ਼ਨ ਮਿਸਾਲਾਂ

- 27 ਮਈ ਅੰਮ੍ਰਿਤਸਰ ਵਿਚ 7000 ਇਸਤਰੀ ਅਤੇ ਮਰਦ ਟੀਚਰਜ਼ ਦੀ ਵਿਸ਼ਾਲ ਰੈਲੀ ਅਤੇ ਬਾਜ਼ਾਰਾਂ ਵਿਚ ਜਲੂਸ
- 7 ਜੂਨ ਬੈਂਕ ਮੁਲਾਜ਼ਮਾਂ ਦਾ ਪਟਿਆਲਾ ਵਿਚ ਜਲੂਸ
- 9 ਜੂਨ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਕਮੇਟੀ ਵਲੋਂ ਲੁਧਿਆਣਾ ਵਿਚ ਵਿਸ਼ਾਲ ਕਾਨਫਰੰਸ
- 11, 12, 13 ਜੂਨ ਸਾਂਝੀ ਟਰੇਡ ਯੂਨੀਅਨ ਮੁਹਿੰਮ
- 12 ਜੂਨ ਸੜਦੀ ਧੁੱਪ ਵਿਚ ਅੰਮ੍ਰਿਤਸਰ ਦੇ ਬਾਜ਼ਾਰ ਵਿਚ 10 ਹਜ਼ਾਰ ਮਜ਼ਦੂਰਾਂ ਦਾ ਜਲੂਸ
- 23 ਜੂਨ ਨੂੰ ਰਾਮਪੁਰਾਫੂਲ ਵਿਖੇ ਫਿਰਕਾਪ੍ਰਸਤੀ ਵਿਰੋਧੀ ਕਾਨਫਰੰਸ
- 27 ਜੂਨ ਬਿਜਲੀ ਕਾਮਿਆਂ ਦਾ ਜਲੂਸ
- ਤੇ ਹੋਰ ਥਾਂ ਥਾਂ ਤੇ ਜਲਸੇ ਤੇ ਜਲੂਸ

ਇਸ ਸੰਗਰਾਮ ਨੂੰ ਸਾਡਾ ਪ੍ਰਣਾਮ !

**ਅਦਾਰਾ 'ਸਮਤਾ' ਅਤੇ ਪ੍ਰਗਤੀਵਾਦੀ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ**

---


**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ**

ਆਪਣੇ ਆਪ ਤੋਂ ਦੂਰ/ਕਵਿਤਾਵਾਂ/ਸੰਪਾਦਕ : ਅਮਰਜੀਤ ਚੰਦਨ
ਅੱਗ ਅਜੇ ਸੁਲਘਦੀ ਹੈ/ਕਹਾਣੀਆਂ/ਮਰਹੂਮ ਹਰਬੰਸ ਰਾਮਪੁਰੀ
ਸਮੇਂ ਦਾ ਚਿਹਰਾ/ਕਵਿਤਾਵਾਂ/ਬਿਅੰਤ ਸਭਰਾ
ਚਾਨਣ ਦਾ ਸਿਰਨਾਵਾਂ/ਕਵਿਤਾਵਾਂ/ਹਰਭਜਨ ਸਿੰਘ ਹੁੰਦਲ
ਸੱਤੀਂ ਵੀਹੀਂ ਸੌ/ਕਵਿਤਾਵਾਂ/ਅਵਤਾਰ ਗਿੱਲ
ਜ਼ਖ਼ਮਾਂ ਦੀ ਫਸਲ/ਕਵਿਤਾਵਾਂ/ਸੁਰਿੰਦਰ ਧੰਜਲ
ਚਾਂਦੀ ਨਗਰ ਤੇ ਪਰਿੰਦਾ/ਕਵਿਤਾਵਾਂ/ਜਗਤਾਰ ਢਾਅ

# ਫਿਰਕਾਪ੍ਰਸਤੀ ਅਤੇ ਫਿਰਕੂ ਦਹਿਸ਼ਤਗਰਦੀ ਵਿਰੁੱਧ ਸਾਂਝਾ ਸੰਘਰਸ਼ / ਗੁਰਸ਼ਰਨ ਸਿੰਘ

ਪੰਜਾਬ ਦੀਆਂ ਮੌਜੂਦਾ ਹਾਲਤਾਂ ਵਿਚ ਇਹ ਜ਼ਰੂਰੀ ਹੈ ਕਿ ਸਾਰੇ ਉਹ ਲੋਕ ਜੋ ਸਹੀ ਸ਼ਬਦਾਂ ਵਿਚ ਪੰਜਾਬ ਦੇ ਸਮਾਜ ਨੂੰ ਇਕ ਸਿਹਤਮੰਦ ਰੂਪ ਵਿਚ ਵੇਖਣਾ ਚਾਹੁੰਦੇ ਹਨ, ਉਹ ਇਕੱਠੇ ਹੋ ਕੇ ਫਿਰਕਾਪ੍ਰਸਤੀ ਅਤੇ ਫਿਰਕੂ ਦਹਿਸ਼ਤਗਰਦੀ ਦੀਆਂ ਲਾਅਨਤਾਂ ਵਿਰੁੱਧ ਇਕ ਸਾਂਝੀ ਲੜਾਈ ਦੇਣ, ਇਹ ਸਾਂਝੀ ਲੜਾਈ ਤਾਂ ਹੀ ਅਸਰਦਾਇਕ ਹੋ ਸਕਦੀ ਹੈ ਜੇ ਇਸ ਵਿਚ ਉਹਨਾਂ ਤਾਕਤਾਂ ਤੋਂ ਨਿਖੇੜਾ ਰਖਿਆ ਜਾਏ, ਜਿਨ੍ਹਾਂ ਦਾ ਫਿਰਕਾ-ਪ੍ਰਸਤੀ ਵਿਰੁਧ ਰੀਕਾਰਡ ਸਾਫ ਨਹੀਂ।

o ਇਹੋ ਜਿਹੀ ਇਕ ਤਾਕਤ ਕਾਂਗਰਸ ਪਾਰਟੀ ਦੀ ਹੈ, ਜੋ ਦੇਸ਼ ਪੱਧਰ ਤੇ ਆਪਣੀਆਂ ਪਾਲਸੀਆਂ ਰਾਹੀਂ ਤੇ ਵੋਟਾਂ ਬਟੋਰਨ ਦੇ ਮੰਤਵ ਲਈ ਧਾਰਮਕ ਸ਼ਾਵਨਵਾਦ ਦੀ ਪੂਰੀ ਹਮਾਇਤੀ ਹੈ। ਉਹਨੇ ਦਸੰਬਰ 1984 ਦੀਆਂ ਚੋਣਾਂ ਵੇਲੇ ਨੰਗੇ ਰੂਪ ਵਿਚ ਹਿੰਦੂ ਸ਼ਾਵਨਵਾਦ ਦਾ ਮੋਹਰਾ ਵਰਤ ਕੇ ਇਹ ਚੋਣਾਂ ਜਿੱਤੀਆਂ। ਪੰਜਾਬ ਵਿਚ ਵੀ ਇਹਦੀ ਭੂਮਿਕਾ ਹਮੇਸ਼ਾ ਨਾਂਹ-ਪੱਖੀ ਰਹੀ ਹੈ ਅਤੇ ਹੁਣ ਵੀ ਨਾਂਹ-ਪੱਖੀ ਹੈ। ਹਿੰਦੂ ਰਖਸ਼ਾ ਸੰਮਤੀਆਂ, ਸ਼ਿਵ ਸੈਨਾ ਵਰਗੀਆਂ ਨਿਰੋਲ ਫਿਰਕੂ ਜ਼ਹਿਰ ਫੈਲਾਉਣ ਵਾਲੀਆਂ ਸੰਸਥਾਵਾਂ ਪੰਜਾਬ ਦੇ ਕਾਂਗਰਸੀਆਂ ਦੀ ਹੀ ਦੇਣ ਹਨ, ਜਿਨ੍ਹਾਂ ਕਰਕੇ ਪੰਜਾਬ ਦੇ ਸ਼ਹਿਰਾਂ ਵਿਚ ਫਿਰਕੂ ਫਸਾਦ ਹੋਣ ਦੀ ਸੰਭਾਵਨਾ ਹਰ ਵੇਲੇ ਮੌਜੂਦ ਹੈ।

o ਦੂਜੀ ਨਾਂਹ-ਪੱਖੀ ਤਾਕਤ ਅਕਾਲੀ ਪਾਰਟੀ ਹੈ। ਇਹਦੀਆਂ ਕਈ ਧਿਰਾਂ ਬਣ ਚੁੱਕੀਆਂ ਹਨ ਪਰ ਹਰ ਇਕ ਧਿਰ ਭਾਵੇਂ ਉਤੋਂ ਕੋਈ ਬੁਰਕਾ ਪਾਏ, ਹਿੰਦੂ ਸਿੱਖ ਏਕਤਾ ਦਾ ਨਾਅਰਾ ਵੀ ਲਗਾਏ, ਪਰ ਬੁਨਿਆਦੀ ਤੌਰ ਤੇ ਹਰ ਇਕ ਧਿਰ ਪੂਰੀ ਤਰ੍ਹਾਂ ਫਿਰਕੂ ਲੀਹਾਂ ਤੇ ਸੋਚਦੀ ਹੈ। ਭਾਵੇਂ ਇਹ ਧਰਮ ਦੇ ਨਾਂ ਸਿਆਸਤ ਚਲਾਂਦੇ ਹਨ, ਇਹਨਾਂ ਵਿਚੋਂ ਕੋਈ ਵੀ ਧਿਰ ਧਾਰਮਕ ਨਹੀਂ, ਇਹ ਸਿਰਫ ਧਰਮ ਨੂੰ ਆਪਣੇ ਨਿੱਜੀ ਮਫ਼ਾਦ ਖਾਤਿਰ ਹੀ ਵਰਤਦੀਆਂ ਹਨ।

ਇਹਨਾਂ ਦੋ ਪਾਰਟੀਆਂ ਦੇ ਸਿਵਾ ਪੰਜਾਬ ਵਿਚ ਹੋਰ ਨਾਂਹ-ਪੱਖੀ ਲੋਕ ਉਹ ਹਨ ਜੋ ਬੁਨਿਆਦੀ ਤੌਰ ਤੇ ਫਿਰਕੂ ਸੋਚ ਦੇ ਧਾਰਨੀ ਹਨ। ਇਹ ਸਿੱਖ ਵੀ ਹਨ ਅਤੇ ਹਿੰਦੂ ਵੀ ਹਨ, ਹਿੰਦੂਆਂ ਵਲੋਂ ਇਹ ਹਿੰਦ ਸਮਾਚਾਰੀਏ, ਜੰਨਸੰਘੀ ਸ਼ਿਵ ਸੈਨੀਏ ਆਦਿਕ ਹਨ ਜਦੋਂ ਕਿ ਸਿੱਖਾਂ ਵਲੋਂ ਫੈਡਰੇਸ਼ਨ ਅਤੇ ਹੋਰ ਵਾਲੰਟੀਅਰ ਦਲ ਹਨ। ਇਹ ਫਿਰਕੂ ਸਦਭਾਵਨਾ ਦੀ ਹਰ ਕੋਸ਼ਿਸ਼ ਨੂੰ ਅਸਫਲ ਕਰਨ ਵਿਚ ਦਿਲਚਸਪੀ ਰੱਖਦੇ ਹਨ, ਮੁਹੱਲਿਆਂ ਵਿਚ, ਕਸਬਿਆਂ ਵਿਚ ਤੇ ਸ਼ਹਿਰਾਂ ਵਿਚ ਫਿਰਕੂ ਖਿਚਾਅ ਇਹਨਾਂ ਦੀ ਹੀ ਦੇਣ ਹੈ।

ਇਹ ਤਿੰਨੇ ਨਾਂਹ-ਪੱਖੀ ਤਾਕਤਾਂ ਰਾਜਸੀ ਅਤੇ ਸਮਾਜਕ ਖੇਤ੍ਰ ਵਿਚ ਕਾਫ਼ੀ ਸ਼ਕਤੀਸ਼ਾਲੀ ਤਾਕਤਾਂ ਹਨ ਪਰ ਜਥੇਬੰਦ ਹੋ ਕੇ ਇਹਨਾਂ ਦਾ ਮੁਕਾਬਲਾ ਕੀਤਾ ਜਾਏ ਤਾਂ ਇਹਨਾਂ ਨੂੰ ਪਛਾੜਨਾ ਔਖਾ ਨਹੀਂ। ਖੱਬੀ ਧਿਰ ਦੀ ਇਸ ਪੱਖ ਤੋਂ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ, ਇਹਨਾਂ ਵਲੋਂ ਇਕ ਸਾਂਝੀ ਕਾਰਵਾਈ ਸਮੇਂ ਦੀ ਲੋੜ ਹੈ, ਪਰ ਕੁਝ ਵਖਰੇਵਿਆਂ ਕਰਕੇ ਇਸ ਸਾਂਝੀ ਕਾਰਵਾਈ ਵਿਚ ਵਿਘਨ ਪੈ ਰਿਹਾ ਹੈ। ਪੰਜਾਬ ਦੇ ਮਸਲੇ ਬਾਰੇ ਖੱਬੀ ਧਿਰ ਦੀਆਂ ਪਾਰਟੀਆਂ ਅਤੇ ਗਰੁੱਪਾਂ ਵਿਚ ਵਖਰੇਵਾਂ ਜ਼ਰੂਰ ਹੈ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫਿਰਕਾਪ੍ਰਸਤੀ ਅਤੇ ਫਿਰਕੂ ਦਹਿਸ਼ਤ-ਗਰਦੀ ਵਿਰੁਧ ਸਾਂਝੇ ਐਕਸ਼ਨ ਹੋ ਸਕਦੇ ਹਨ ਬਸ਼ਰਤੇ ਕਿ ਇਕ ਦੂਜੇ ਦੇ ਪੱਖ ਨੂੰ ਇਮਾਨਦਾਰੀ ਨਾਲ ਸਮਝਿਆ ਜਾਏ। ਹੇਠਾਂ ਲਿਖਿਆ ਸੰਖੇਪ ਸਰਵੇਖਣ ਆਪਣੀ ਇਸੇ ਮੰਤਵ ਨਾਲ ਕੀਤਾ ਜਾ ਰਿਹਾ ਹੈ।

o ਸੀ.ਪੀ.ਆਈ. ਤੇ ਮਾਰਕਸੀ ਪਾਰਟੀ ਪੰਜਾਬ ਦੇ ਮਸਲੇ ਨੂੰ ਕਾਫ਼ੀ ਹੱਦ ਤਕ ਅਮਰੀਕੀ ਸਾਮਰਾਜੀਆਂ ਵਲੋਂ ਅੰਤਰਰਾਸ਼ਟਰੀ ਸਾਜ਼ਿਸ਼ ਦੇ ਤੌਰ ਤੇ ਲੈਂਦੀਆਂ ਹਨ। ਅੰਤਰਰਾਸ਼ਟਰੀ ਸਿਆਸਤ ਵਿਚ ਭਾਰਤ ਦਾ ਪੱਖ ਬਹੁਤ ਸਾਰੇ ਮਾਮਲਿਆਂ ਵਿਚ ਰੂਸ ਦੇ ਪੱਖ ਨਾਲ ਮੇਲ ਖਾਂਦਾ ਹੈ, ਇਸ ਲਈ ਪੰਜਾਬ ਦੇ ਮਸਲੇ ਵਿਚ ਕੇਂਦਰ ਦੇ ਰੋਲ ਨੂੰ ਇਹ ਪਾਰਟੀਆਂ ਉਸ ਤਰ੍ਹਾਂ ਨਹੀਂ ਨਿਖੇਧਦੀਆਂ, ਜਿਸ ਤਰ੍ਹਾਂ ਖੱਬੀ ਸੋਚ ਵਾਲੇ ਕੁਝ ਬੁਧੀਜੀਵੀ ਅਤੇ ਨਕਸਲੀ ਗਰੁੱਪ ਨਿਖੇਧਦੇ ਹਨ। ਸੀ.ਪੀ.ਆਈ. ਅਤੇ ਮਾਰਕਸੀ ਪਾਰਟੀ ਵਾਲੇ ਆਪਣੀ ਪ੍ਰਚਾਰ ਲਾਈਨ ਵਿਚ ਭਾਰਤ ਦੀ ਅਖੰਡਤਾ ਅਤੇ ਏਕਤਾ ਦੀ ਗੱਲ ਕਰਨੀ ਵੀ ਜ਼ਰੂਰੀ ਸਮਝਦੇ ਹਨ, ਜਦੋਂ ਕਿ ਨਕਸਲੀ ਗਰੁੱਪਾਂ ਦਾ ਖ਼ਿਆਲ ਹੈ ਕਿ ਭਾਰਤ ਦਾ ਬਹੁ ਕੌਮੀ ਚ੍ਰਿਤਰ ਹੋਣ ਕਰਕੇ ਅਨੇਕਤਾ ਨੂੰ ਸਵੀਕਾਰ ਕਰਕੇ ਹੀ ਏਕਤਾ ਦੀ ਗੱਲ ਕਰਨੀ ਚਾਹੀਦੀ ਹੈ। ਭਾਰਤ ਦੀ ਅਖੰਡਤਾ ਬੁਰਜੁਆ ਪਾਰਟੀਆਂ ਦਾ ਫਿਕਰ ਤਾਂ ਹੋ ਸਕਦਾ ਹੈ ਪਰ ਖੱਬੀਆਂ ਪਾਰਟੀਆਂ ਲਈ ਇਹ ਮੋਹ ਬਹੁਤੀ ਕੀਮਤ ਨਹੀਂ ਰੱਖਦਾ। ਅੰਤਰਰਾਸ਼ਟਰੀ ਸਿਆਸਤ ਅਤੇ ਜਮਾਤੀ ਸਿਆਸਤ ਦੇ ਪ੍ਰਸੰਗ ਵਿਚ ਇਹ ਨੁਕਤਾ ਵਾਦਵਿਵਾਦ ਵਾਲਾ ਹੋ ਸਕਦਾ ਹੈ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੀ.ਪੀ.ਆਈ. ਅਤੇ ਮਾਰਕਸੀ ਪਾਰਟੀ ਦਾ ਕੈਡਰ ਫਿਰਕਾਪ੍ਰਸਤੀ ਵਿਰੁੱਧ ਇਕ ਜ਼ੋਰਦਾਰ ਜਥੇਬੰਦਕ ਲੜਾਈ ਦੇ ਸਕਦਾ ਹੈ।

ਮਜ਼ਦੂਰਾਂ ਤੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ, ਜੋ ਇਹਨਾਂ ਪਾਰਟੀਆਂ ਦੇ ਅਸਰ ਰਸੂਖ ਥੱਲੇ ਹਨ, ਉਹ ਫਿਰਕਾ-ਪ੍ਰਸਤੀ ਵਿਰੁਧ ਇਕ ਵੱਡੀ ਤਾਕਤ ਹਨ। ਇਸਦਾ ਪ੍ਰਤੱਖ ਸਬੂਤ ਉਹ ਅਵਾਮੀ ਲਾਮਬੰਦੀ ਹੈ, ਜੋ ਗੁਰੂ ਕੀ ਵਡਾਲੀ ਵਿਖੇ ਦਹਿਸ਼ਤਗਰਦਾਂ ਦੇ ਹਥੋਂ ਤਿੰਨ ਟੀਚਰਜ਼ ਮਾਰੇ ਜਾਣ ਦੇ ਬਾਅਦ ਟੀਚਰਜ਼ ਯੂਨੀਅਨ ਵਲੋਂ ਹੜਤਾਲ ਕੀਤੀ ਗਈ। 27 ਮਈ, 1986 ਨੂੰ ਅੱਠ ਹਜ਼ਾਰ ਟੀਚਰਜ਼ ਦਾ ਵਿਖਾਵਾ ਜਿਸ ਵਿਚ ਹਿੰਦੂ ਅਤੇ ਸਿੱਖ ਇਕੱਠੇ ਸਨ ਤੇ ਅੱਧ ਤੋਂ ਵੱਧ ਗਿਣਤੀ ਔਰਤਾਂ ਦੀ ਸੀ, ਫਿਰਕੂ ਦਹਿਸ਼ਤਗਰਦੀ ਵਿਰੁਧ ਅੰਦੋਲਨ ਦੀ ਇਕ ਸਾਰਿਆਂ ਨਾਲੋਂ ਮਹੱਤਵਪੂਰਨ ਘਟਨਾ ਸੀ। ਇਸੇ ਤਰ੍ਹਾਂ 12 ਜੂਨ 1986 ਸਾਰੇ ਟਰੇਡ ਯੂਨੀਅਨਾਂ ਦੇ ਕੇਡਰ ਦਾ ਦਸ ਹਜ਼ਾਰ ਦੀ ਗਿਣਤੀ ਵਿਚ ਸੜਦੀ ਧੁੱਪ ਵਿਚ ਅਮ੍ਰਿਤਸਰ ਗੋਲ ਬਾਗ ਵਿਚ ਕੱਠੇ ਹੋ ਕੇ ਰੈਲੀ ਕਰਨੀ ਤੇ ਫੇਰ ਅਮ੍ਰਿਤਸਰ ਦੇ ਬਾਜ਼ਾਰਾਂ ਵਿਚ ਫਿਰਕਾਪ੍ਰਸਤੀ ਦੇ ਵਿਰੁਧ ਨਾਅਰੇ ਲਗਾਉਂਦੇ ਜਲੂਸ ਕੱਢਣਾ ਮੁੱਖ ਤੌਰ ਤੇ ਇਹਨਾਂ ਪਾਰਟੀਆਂ ਦੀ ਹੀ ਜਥੇਬੰਦਕ ਪ੍ਰਾਪਤੀ ਹੈ ਭਾਵੇਂ ਹੋਰਨਾਂ ਜਥੇਬੰਦੀਆਂ ਦੀ ਵੀ ਪੂਰੀ ਸ਼ਮੂਲੀਅਤ ਸੀ।

o ਨਕਸਲੀ ਗਰੁੱਪ ਜਿਨ੍ਹਾਂ ਦੀ ਆਮ ਪਾਠਕਾਂ ਵਾਸਤੇ ਉਹਨਾਂ ਦੇ ਬੁਲਾਰੇ ਪਰਚਿਆਂ ਦੇ ਨਾਂ ਤੇ ਕਰਵਾਉਣੀ ਸੌਖੀ ਹੈ, ਉਹ ਫਿਰਕਾਪ੍ਰਸਤੀ ਅਤੇ ਫਿਰਕੂ ਦਹਿਸ਼ਤਗਰਦੀ ਦੇ ਵਿਰੁੱਧ ਇਕ ਹੋਰ ਵੱਡੀ ਤਾਕਤ ਹਨ। ਇਹ ਗਰੁੱਪ ਸੁਰਖ ਰੇਖਾ, ਇਨਕਲਾਬੀ ਜੰਤਕ ਲੀਹ ਜੈਕਾਰਾ, ਟਾਕਰਾ, ਕਮਿਊਨਿਸਟ ਬ੍ਰੀਗੇਡ, ਲਿਬਰੇਸ਼ਨ (ਹਰਾਵਲ ਦਸਤਾ), ਕੌਮਾਂਤਰੀ ਰਾਜਨੀਤੀ (ਸਰਾਫ ਗਰੁੱਪ) ਅਤੇ ਪੈਗ਼ਾਮ ਦੇ ਨਾਂ ਤੋਂ ਜਾਣੇ ਜਾਂਦੇ ਹਨ, ਇਹਨਾਂ ਵਿਚੋਂ ਸੁਰਖ ਰੇਖਾ ਗਰੁੱਪ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਗਰੁੱਪ ਨੇ ਭਿੰਡਰਾਂਵਾਲਾ ਦੇ ਵੇਲੇ ਤੋਂ ਫਿਰਕੂ ਜਨੂੰਨ ਵਿਰੁੱਧ ਇਕ ਸਰਗਰਮ ਪਰਚਾਰ ਮੁਹਿੰਮ ਚਲਾਈ ਹੈ। ਅਗਸਤ 1983 ਦੇ ਸੁਰਖ ਰੇਖਾ ਅੰਕ ਵਿਚ ਭਿੰਡਰਾਂਵਾਲਾ ਦੇ ਡੇਰੇ ਜੋ ਕਾਲੀਆਂ ਕਰਤੂਤਾਂ ਹੁੰਦੀਆਂ ਸਨ, ਉਹਦਾ ਪਾਜ ਬੜੀ ਦਲੇਰੀ ਨਾਲ ਉਧੇੜਿਆ ਗਿਆ। ਇਹ ਫਿਰਕਾਪ੍ਰਸਤੀ ਵਿਰੁੱਧ ਇਕ ਸਰਗਰਮ ਜਥੇਬੰਦੀ ਦੇ ਤੌਰ ਤੇ ਕੰਮ ਕਰ ਰਹੇ ਹਨ ਤੇ ਇਸ ਗੱਲ ਵਿਚ ਵੀ ਯਕੀਨ ਰੱਖਦੇ ਹਨ ਕਿ ਖਾਲਿਸਤਾਨੀ ਦਹਿਸ਼ਤ-ਗਰਦਾਂ ਦਾ ਮੁਕਾਬਲਾ ਲੋੜ ਪੈਣ ਤੇ ਰੈਡ ਗਾਰਡਾਂ ਰਾਹੀਂ ਵੀ ਕੀਤਾ ਜਾਏ। ਇਸ ਗਰੁੱਪ ਦਾ ਇਹ ਵੀ ਵਿਚਾਰ ਹੈ ਕਿ ਸਿੱਖਾਂ ਦੇ ਖਾੜਕੂ ਇਤਹਾਸ ਨੂੰ ਹੁਣ ਦੇ ਫਿਰਕੂ ਮਸੰਦਾਂ ਨੂੰ ਨੰਗਾ ਕਰਨ ਵਿਚ ਪੂਰੀ ਤਰ੍ਹਾਂ ਵਰਤਿਆ ਜਾਣਾ ਚਾਹੀਦਾ ਹੈ। ਇਸ ਨੁੱਕਤੇ ਤੋਂ ਦੂਜੇ ਨਕਸਲੀ ਗਰੁੱਪ ਇਹਨਾਂ ਨਾਲੋਂ ਵਖਰੇਵਾਂ ਰਖਦੇ ਹਨ। ਸੁਰਖ ਰੇਖਾ ਹੁਣ ਪੰਦਰਾਂ ਦਿਨਾਂ ਬਾਅਦ ਨਿਕਲਦਾ ਹੈ। ਇਹਦੀ ਸਰਕੂਲੇਸ਼ਨ 15,000 ਤੋਂ ਵੱਧ ਹੈ, ਇਸ ਲਈ ਫਿਰਕਾ-ਪ੍ਰਸਤੀ ਵਿਰੁੱਧ ਸੰਘਰਸ਼ ਵਿਚ ਇਹ ਇਕ ਵੱਡੀ ਤਾਕਤ ਹੈ। ਹੋਰ ਨਕਸਲੀ ਗਰੁੱਪਾਂ ਵਾਕੁਨ ਪੰਜਾਬ ਦੇ ਮਸਲੇ ਲਈ ਜਿਥੇ ਉਹ ਕੇਂਦਰ ਦੀ ਸਰਕਾਰ ਅਤੇ ਪੰਜਾਬ ਦੇ ਅਕਾਲੀਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ, ਉਥੇ ਉਹ ਅਮਰੀਕੀ ਸਾਮਰਾਜ ਦੇ ਨਾਲ ਨਾਲ ਰੂਸ ਨੂੰ ਇਹਦਾ ਦੋਸ਼ੀ ਠਹਿਰਾਉਂਦੇ ਹਨ, ਜੋ ਭਾਰਤ ਸਰਕਾਰ ਵਿਚ ਆਪਣੀ ਲਾਬੀ ਰਾਹੀਂ ਪੰਜਾਬ ਦੇ ਮਸਲ ਦਾ ਸਹੀ ਢੰਗ ਨਾਲ ਹੱਲ ਲੱਭਣ ਵਿਚ ਰੁਕਾਵਟ ਪੈਦਾ ਕਰਦਾ ਹੈ ਅਤੇ ਖਾਹਮਖਾਹ ਇਸ ਮਸਲੇ ਨੂੰ ਅੰਤਰਰਾਸ਼ਟਰੀ ਸਿਆਸਤ ਦਾ ਭਾਗ ਬਣਾ ਕੇ ਉਲਝਾਂਦਾ ਹੈ।

o ਇਨਕਲਾਬੀ ਜੰਤਕ ਲੀਹ, ਕਮਿਊਨਿਸਟ ਬ੍ਰੀਗੇਡ, ਟਾਕਰਾ, ਜੈਕਾਰਾ, ਲਿਬਰੇਸ਼ਨ (ਹਰਾਵਲ ਦਸਤਾ) ਨਾਲ ਸਬੰਧਤ ਨਕਸਲੀ ਗਰੁੱਪ ਬਹੁਤ ਵਾਰ ਸੁਰਖ ਰੇਖਾ ਦੀ ਪੰਜਾਬ ਮਸਲੇ ਬਾਰੇ ਸਨਸਨੀਖੇਜ਼ ਪਤ੍ਰਕਾਰੀ ਨਾਲ ਭਾਵੇਂ ਸਹਿਮਤ ਨਹੀਂ ਤੇ ਹੋਰ ਵੀ ਕੁਝ ਨੁਕਤਿਆਂ ਤੇ ਇਹਨਾਂ ਦੇ ਵਖਰੇਵੇਂ ਹਨ, ਪਰ ਫਿਰਕਾਪ੍ਰਸਤੀ ਵਿਰੁੱਧ ਸਾਂਝੇ ਸੰਘਰਸ਼ਾਂ ਬਾਰੇ ਇਹਨਾਂ ਦਾ ਆਪਸੀ ਸੰਪਰਕ ਕਾਇਮ ਹੈ। ਇਹਨਾਂ ਸਾਰੇ ਗਰੁੱਪਾਂ ਦਾ ਪੰਜਾਬ ਦੇ ਮਸਲੇ ਬਾਰੇ ਸੀ.ਪੀ.ਆਈ. ਅਤੇ ਮਾਰਕਸੀ ਪਾਰਟੀ ਨਾਲ ਵਖਰੇਵਾਂ ਹੈ ਕਿ ਜਿਥੇ ਉਹ ਇਸ ਮਸਲੇ ਬਾਰੇ ਅਮਰੀਕੀ ਸਾਮਰਾਜ ਨੂੰ ਦੋਸ਼ੀ ਠਹਿਰਾਉਂਦੇ ਹਨ, ਉਥੇ ਉਹ ਰੂਸ ਨੂੰ ਇਸ ਤੋਂ ਬਰੀ ਨਹੀਂ ਸਮਝਦੇ। ਲਿਬਰੇਸ਼ਨ ਤਾਂ ਰੂਸ ਨੂੰ ਮੁੱਖ ਦੋਸ਼ੀ ਵੀ ਠਹਿਰਾਉਂਦਾ ਹੈ ਜੋ ਪੰਜਾਬ ਦੇ ਮਸਲੇ ਨੂੰ ਪਾਕਿਸਤਾਨ ਦੀ ਦੇਣ ਕਹਿ ਕੇ ਅਫਗਾਨਿਸਤਾਨ ਦੇ ਮਾਮਲੇ ਤੇ ਆਪਣੀ ਉਸ ਦੇਸ਼ ਨਾਲ ਕਿੜ ਕੱਢਣਾ ਚਾਹੁੰਦਾ ਹੈ।

o ਨੱਕਸਲੀ ਗਰੁੱਪਾਂ ਵਿਚੋਂ ਪੈਗ਼ਾਮ ਗਰੁੱਪ ਬਾਕੀਆਂ ਨਾਲੋਂ ਪੰਜਾਬ ਦੇ ਮੱਸਲੇ ਬਾਰੇ ਬਿਲਕੁਲ ਵੱਖਰਾ ਸਟੈਂਡ ਰਖਦਾ ਹੈ, ਉਹ ਬਹੁਤ ਹੱਦ ਤਕ ਸਿੱਖ ਦਹਿ-ਸ਼ਤਗਰਦਾਂ ਦੀਆਂ ਸਰਗਰਮੀਆਂ ਨੂੰ ਖਾੜਕੂ ਸਰਗਰ-ਮੀਆਂ ਆਖਕੇ ਉਹਨਾਂ ਨੂੰ ਤੱਰਕ ਦੇਣ ਦਾ ਯਤਨ ਕਰਦਾ ਹੈ, ਇਸ ਗਰੁੱਪ ਦੇ ਵਿਦਿਆਰਥੀ ਵਿੰਗ ਨੇ ਮੇਜਰ ਮਟਰਾ ਦੀ ਅਗਵਾਈ ਵਿਚ ਸਿੱਖ ਸਟੂਡੈਂਟ ਫੈਡਰੇਸ਼ਨ ਨਾਲ ਕੁੱਝ ਸਾਂਝੀਆਂ ਕਾਰਵਾਈਆਂ ਵੀ ਕੀਤੀਆਂ ਹਨ। ਇਸ ਲਈ ਇਸ ਗਰੁੱਪ ਦੀ ਹੁਣ ਦੂਜੇ ਨਕਸਲੀ ਗਰੁੱਪਾਂ ਵਿਚੋਂ ਕਿਸੇ ਨਾਲ ਸਾਂਝ ਨਹੀਂ, ਉਂਝ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਉਸ ਗਰੁੱਪ ਨੇ ਵੀ ਹਿੰਦੂਆਂ ਦੇ ਕਤਲ ਨੂੰ ਅਤੇ ਪੰਜਾਬ ਛੱਡਣ ਲਈ ਧਮਕੀਆਂ ਨੂੰ ਸਿੱਖ ਖਾੜਕੂਆਂ ਦਾ ਕੁਰਾਹਾ ਆਖਿਆ ਹੈ, ਭਾਰਤ ਦੀ ਸਮੁੱਚੀ ਸਿਆਸਤ ਦੇ ਪ੍ਰਸੰਗ ਵਿਚ ਪੈਗ਼ਾਮ ਗਰੁੱਪ ਦਾ

ਵਿਚਾਰ ਹੈ ਕਿ 'ਸਿੱਖ ਖਾੜਕੂ' ਕਿਉਂਕਿ ਭਾਰਤ ਸਰਕਾਰ ਦੀਆਂ ਹਿੰਦੂ ਸ਼ਾਵਨਵਾਦੀ ਪਾਲਸੀਆਂ ਵਿਰੁੱਧ ਲੜਾਈ ਦੇ ਰਹੇ ਹਨ, ਇਸ ਲਈ ਉਹ ਭਾਰਤ ਦੇ ਇਨਕਲਾਬੀ ਹਲਕਿਆਂ ਦੀ ਸਰਗਰਮ ਹਮਾਇਤ ਦੇ ਹੱਕਦਾਰ ਹਨ, 'ਕਾਮਰੇਡ ਭਿੰਡਰਾਂਵਾਲਾ ਨੂੰ ਲਾਲ ਸਲਾਮ' ਵੀ ਇਸੇ ਸੋਚਣੀ ਦੀ ਦੇਣ ਰਹੀ ਹੈ। ਪੈਗ਼ਾਮ ਦੇ ਆਖਰੀ ਅੰਕ ਇਸ ਗੱਲ ਦਾ ਸੰਕੇਤ ਦੇਂਦੇ ਹਨ ਕਿ ਖਾਲਿਸਤਾਨ ਦੇ ਐਲਾਨ ਦੇ ਬਾਅਦ ਇਹਨਾਂ ਦਾ ਸਟੈਂਡ ਖਾਲਿਸਤਾਨ ਦੇ ਵਿਰੁੱਧ ਸੱਪਸ਼ਟ ਹੈ, ਜਿਸ ਲਈ ਇਹ ਉਮੀਦ ਕੀਤੀ ਜਾਂਦੀ ਹੈ ਕਿ ਸਿੱਖ ਖਾੜਕੂਆਂ ਵਲ ਵੀ ਇਹਨਾਂ ਦੇ ਸਟੈਂਡ ਵਿਚ ਤਬਦੀਲੀ ਆਏਗੀ ਕਿਉਂਕਿ ਉਹ ਸੱਪਸ਼ਟ ਤੌਰ ਤੇ ਖਾਲਿਸਤਾਨ ਪੱਖੀ ਹਨ।

o ਸਰਾਫ ਗਰੁੱਪ (ਕੌਮਾਂਤਰੀ ਰਾਜਨੀਤੀ) ਵਾਲੇ ਆਪਣੀ ਕਾਂਗਰਸ ਤੋਂ ਬਾਅਦ ਪੰਜਾਬ ਦੇ ਮਸਲੇ ਬਾਰੇ ਆਪਣੀ ਇਹ ਪਹੁੰਚ ਲੈਕੇ ਆਏ ਹਨ ਕਿ ਜਿਸ ਤਰ੍ਹਾਂ ਭਾਰਤ ਸਰਕਾਰ ਸ੍ਰੀ ਲੰਕਾ ਸਰਕਾਰ ਕੋਲੋਂ ਮੰਗ ਕਰ ਰਹੀ ਹੈ ਕਿ ਉਹ ਤਾਮਿਲ ਬਾਗੀਆਂ ਨਾਲ ਮੇਜ਼ ਤੇ ਗੱਲ ਕਰੇ, ਇਹੋ ਪਹੁੰਚ ਉਸਨੂੰ ਸਿੱਖ ਦਹਿਸ਼ਤਗਰਦੀਆਂ ਵਾਸਤੇ ਵੀ ਆਪਣਾਉਣੀ ਚਾਹੀਦੀ ਹੈ, ਅਤੇ ਉਹਨਾ ਨੂੰ ਵਿਚੋਲਿਆਂ ਦੇ ਰਾਹੀਂ ਗੱਲਬਾਤ ਲਈ ਬੁਲਾਉਣਾ ਚਾਹੁੰਦਾ ਹੈ, ਲਾਲ ਡੋਂਗਾ ਵਾਸਤੇ ਵੀ ਜੋ ਇਹ ਪਹੁੰਚ ਅਪਣਾਈ ਜਾ ਸਕਦੀ ਹੈ ਤੇ ਸਿੱਖ ਦਹਿਸ਼ਤਗਰਦਾਂ ਲਈ ਕਿਉਂ ਨਹੀਂ ਅਪਣਾਈ ਜਾ ਸਕਦੀ ? ਉਹਨਾਂ ਦੀ ਦਲੀਲ ਹੈ ਕਿ ਰਾਜੀਵ ਦਾ ਇਕੱਲੇ ਲੋਂਗੋਵਾਲ ਗਰੁੱਪ ਨਾਲ ਕੋਈ ਸਮਝੌਤਾ ਕਰਨਾ ਠੀਕ ਨਹੀਂ ਸੀ। ਇਸ ਗਰੁੱਪ ਦਾ ਫਿਰਕਾਪ੍ਰਸਤੀ ਵਿਰੁਧ ਹਮੇਸ਼ਾ ਡੱਟਵਾਂ ਸਟੈਂਡ ਰਿਹਾ ਹੈ ਅਤੇ ਹੁਣ ਵੀ ਹੈ। ਹਰ ਸਾਂਝੀ ਕਾਰਵਾਈ ਲਈ ਇਹਨਾਂ ਦੀ ਪਹੁੰਚ ਹਮੇਸ਼ਾ ਹਾਂ-ਪੱਖੀ ਰਹੀ ਹੈ।

o ਪੰਜਾਬ ਦੇ ਮਸਲੇ ਤੇ ਅਤੇ ਫਿਰਕਾ ਪ੍ਰਸਤੀ ਵਿਰੁਧ ਇਕ ਹੋਰ ਧਿਰ ਸਿੱਖ ਕੇਂਦਰ ਜਲੰਧਰ ਵੀ ਸਾਡਾ ਧਿਆਨ ਮੰਗਦਾ ਹੈ। ਇਹਨਾਂ ਦਾ ਪਰਚਾ 'ਹਰਕਾਰਾ' ਇਹਨਾਂ ਦਾ ਸਟੈਂਡ ਦਸਦਾ ਹੈ। ਸਿੱਖ ਕੇਂਦਰ ਦੇ ਵਿਚਾਰ ਅਨੁਸਾਰ ਕਾਂਗਰਸ ਪਾਰਟੀ ਬ੍ਰਾਹਮਣੀ ਸੋਚ ਦੀ ਧਾਰਨੀ ਹੈ। ਅਕਾਲੀ ਪਾਰਟੀ ਵੀ ਬ੍ਰਾਹਮਣੀ ਵਿਚਾਰ-ਧਾਰਾ (ਜਿਸਦਾ ਆਧਾਰ ਜ਼ਾਤ ਪਾਤ ਦੀ ਵੰਡ ਹੈ) ਦੀ ਧਾਰਨੀ ਹੈ। ਉਹ ਜੱਟਵਾਦ ਦੇ ਸ਼ਾਵਨਵਦ ਦ ਦੀ ਨੁਮਾਇੰਦਗੀ ਕਰਦੀ ਹੈ, ਉਹਨਾਂ ਦਾ ਵਿਚਾਰ ਹੈ ਕਿ ਸਿੱਖ ਧਰਮ ਦੇ ਮਾਇਆ ਵਿਰੋਧੀ ਅਤੇ ਜ਼ਾਤਪਾਤ ਵਿਰੋਧੀ ਪੈਂਤੜੇ ਨੂੰ ਵਰਤ ਕੇ ਫਿਰਕੂ ਏਕਤਾ ਵਾਸਤੇ ਸੰਘਰਸ਼ ਕੀਤਾ ਜਾ ਸਕਦਾ ਹੈ। ਸਿੱਖ ਸੈਂਟਰ ਦੀ ਪਹਿਲ ਕਦਮੀ ਤੇ ਇਕ 'ਭਾਰਤੀ ਘੱਟ ਗਿਣਤੀ ਸਾਝਾਂ ਮੋਰਚਾ ਪੰਜਾਬ' ਵੀ ਹੋਂਦ ਵਿਚ ਲਿਆਂਦਾ ਗਿਆ ਹੈ, ਫਿਰਕਾਪ੍ਰਸਤੀ ਦੇ ਜ਼ਹਿਰ ਵਿਰੁਧ ਇਹ ਧਿਰ ਵੀ ਆਪਣੀ ਭੂਮਿਕਾ ਨਿਭਾ ਸਕਦੀ ਹੈ, ਜੇ ਇਸ ਧਿਰ ਨੂੰ ਇਹ ਅਹਿਸਾਸ ਕਰਵਾ ਦਿਤਾ ਜਾਏ ਕਿ ਆਮ ਹਿੰਦੂ ਦਾ ਕਲਚਰ ਬ੍ਰਾਹਮਣੀ ਕਲਚਰ ਨਹੀਂ। ਇਸੇ ਪੈਂਤੜੇ ਤੋਂ ਸਿੱਖ ਧਾਰਮਕ ਬੰਦੇ ਤੇ ਹਿੰਦੂ ਧਾਰਮਕ ਬੰਦੇ ਵੀ ਮਾਨਵਵਾਦੀ ਕਦਰਾਂ ਕੀਮਤਾਂ ਦੇ ਧਾਰਨੀ ਹੋਣ ਦੇ ਨਾਤੇ ਫਿਰਕੂ ਦਹਿਸ਼ਤਗਰਦੀ ਦੇ ਵਿਰੁਧ ਲਾਮਬੰਦ ਕੀਤੇ ਜਾ ਸਕਦੇ ਹਨ।

o ਚੰਦਰ ਸ਼ੇਖਰ ਦੀ ਅਗਵਾਈ ਵਿਚ ਜੰਤਾ ਪਾਰਟੀ ਵੀ ਰਾਜਸੀ ਤੌਰ ਤੇ ਫਿਰਕਾਪ੍ਰਸਤੀ ਵਿਰੁਧ ਇਕ ਵੱਡੀ ਤਾਕਤ ਹੈ, ਪੰਜਾਬ ਵਿਚ ਭਾਂਵੇ ਇਹਨਾਂ ਦੀ ਬਹੁਤੀ ਮਹੱਤਤਾ ਨਹੀਂ ਪਰ ਦੇਸ਼ ਪਧੱਰ ਤੇ ਇਕ ਵੱਡੀ ਹਾਂ-ਪੱਖੀ ਤਾਕਤ ਹਨ।

ਇਹ ਉਤਲਾ ਸਰਵੇਖਣ ਦਸਦਾ ਹੈ ਕਿ ਆਪਸੀ ਗੰਭੀਰ ਵਖਰੇਵੇਂ ਹੁੰਦਿਆਂ ਵੀ ਕੁਝ ਸੱਪਸ਼ਟ ਨੁੱਕਤਿਆਂ ਨੂੰ ਆਧਾਰ ਮੰਨਕੇ ਸਾਂਝੀਆਂ ਲੜਾਈਆਂ ਲੜੀਆਂ ਜਾ ਸਕਦੀਆਂ ਹਨ, ਇਹ ਸੱਪਸ਼ਟ ਨੁਕਤੇ ਹਨ ;

o ਭਾਰਤ ਵਿਚ ਸਾਰੇ ਲੋਕਾਂ ਦਾ ਸਤਿਕਾਰ ਨਾਲ ਰਹਿਣ ਦਾ ਹੱਕ ਹੈ। ਇਸ ਪੱਖ ਤੋਂ ਹਿੰਦੂ ਸ਼ਾਵਨਵਾਦੀ ਧਿਰਾਂ ਦਾ ਵਿਰੋਧ ਜ਼ਰੂਰੀ ਹੈ।

o ਪੰਜਾਬ ਵਿਚ ਹਿੰਦੂ ਵਸੋਂ ਦਾ ਸਤਿਕਾਰ ਨਾਲ ਰਹਿਣ ਦਾ ਹੱਕ ਹੈ। ਹਰ ਉਹ ਕਾਰਵਾਈ ਜੋ ਇਹਨਾਂ ਨੂੰ ਇਸ ਹੱਕ ਤੋਂ ਵਾਂਝਿਆਂ ਰਖਦੀ ਹੈ, ਉਹਦੀ ਡੱਟਵੀਂ ਵਿਰੋਧਤਾ ਹੋਣੀ ਜ਼ਰੂਰੀ ਹੈ।

o ਬੇਗੁਨਾਹ ਕਤਲਾਂ ਦਾ ਰਾਜਸੀ ਅਤੇ ਮਾਨਵ-ਵਾਦੀ ਪੱਖ ਤੋਂ ਜ਼ੋਰਦਾਰ ਖੰਡਨ ਹੋਣਾ ਜ਼ਰੂਰੀ ਹੈ। ਇਹ ਕਤਲ ਭਾਂਵੇ ਕਿਸੇ ਹੀ ਥਾਂ ਦਿਲੀ ਹੋਣ, ਪੰਜਾਬ ਹੋਣ, ਪੰਜਾਬ ਦੇ ਬਾਹਰ ਹੋਰਨਾਂ ਥਾਂਵਾਂ ਤੇ ਹੋਣ ਤੇ ਕਿਸੇ ਵੀ ਧਾਰਮਕ ਫਿਰਕੇ ਵਾਲਿਆਂ ਦੇ ਹੋਣ, ਉਹਨਾਂ ਦੀ ਪੂਰੀ ਤਰ੍ਹਾਂ ਨਿਖੇਧੀ ਹੋਣੀ ਚਾਹੀਦੀ ਹੈ। ਇਹਨਾਂ ਬੇਗੁਨਾਹ ਕਤਲਾਂ ਵਿਚ ਪੁਲੀਸ ਦਹਿਸ਼ਤਗਰਦਾਂ ਹੱਥੋਂ ਕਤਲਾਂ ਨੂੰ ਸ਼ਾਮਿਲ ਕਰਨਾ ਜ਼ਰੂਰੀ ਹੈ।

ਫਿਰਕੂ ਦਹਿਸ਼ਤਗਰਦੀ ਦੇ ਵਿਰੁਧ ਸੰਘਰਸ਼ ਵਿਚ ਵਖਰੇਵਿਆਂ ਉਤੇ ਜ਼ੋਰ ਦੇਣ ਨਾਲੋਂ ਸਾਂਝੇ ਨੁਕਤਿਆਂ ਤੇ ਜ਼ੋਰ ਦੇਣਾ ਜ਼ਰੂਰੀ ਹੈ, ਸਾਂਝੀਆਂ ਜਥੇਬੰਦੀਆਂ ਜਿਸ ਤਰ੍ਹਾਂ ਪੰਜਾਬ ਦੀ ਜਮਹੂਰੀ ਅਧਿਕਾਰ ਸਭਾ, ਪਟਿਆਲਾ ਦਾ ਮਾਰਕਸੀ ਮੰਚ, ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ, ਮੁਲਾਜਮ ਮਜ਼ਦੂਰ ਜਥੇਬੰਦੀਆਂ ਇਸ ਸੰਘਰਸ਼ ਲਈ ਇਕ ਮਜ਼ਬੂਤ ਪਲੇਟਫਾਰਮ ਮੁਹਈਯਾ ਕਰ ਸਕਦੀਆਂ ਹਨ। ਸਾਨੂੰ ਚੇਤਨ ਹੋਕੇ ਇਸ ਦਿਸ਼ਾ ਵੱਲ ਕਦਮ ਚੁਕਣੇ ਪੈਣੇ ਹਨ। ਇਹ ਲੜਾਈ ਟਾਲੀ ਨਹੀਂ ਜਾ ਸਕਦੀ। ਇਹ ਲੜਾਈ ਲੜਨੀ ਹੀ ਪੈਣੀ ਹੈ। o

## ਦਿੱਲੀ ਦੇ ਹਾਕਮਾਂ ਦੀਆਂ ਸਾਜ਼ਿਸ਼ਾਂ ਅਤੇ ਫਿਰਕੂ ਦਹਿਸ਼ਤਗਰਦੀ ਦੇ ਵਿਰੁੱਧ ਇਕ ਜ਼ੋਰਦਾਰ ਆਵਾਜ਼ ਕੈਨੇਡਾ ਵਿਚ ਵੱਸਦੇ ਪੰਜਾਬੀ ਕਵੀਆਂ ਦਾ ਇਕ ਪ੍ਰਤੀਨਿਧ ਕਾਵਿ ਸੰਗ੍ਰਹਿ "ਜੰਗਲ ਦੇ ਵਿਰੁੱਧ"

ਇਸ ਕਾਵਿ ਸੰਗ੍ਰਹਿ ਦੀ ਸੰਪਾਦਨਾ ਸੁਖਪਾਲ ਅਤੇ ਸਾਧੂ ਨੇ ਕੀਤੀ ਹੈ। ਇਹ ਪਲਸ ਮੰਚ ਪੰਜਾਬ ਵਲੋਂ ਛਾਪਿਆ ਗਿਆ ਹੈ ਤੇ ਸਾਧਾਰਨ ਐਡੀਸ਼ਨ ਦੀ ਕੀਮਤ 5/- ਹੈ। ਇਸ ਸੰਗ੍ਰਹਿ ਦੀ ਭੂਮਿਕਾ ਵਿਚ ਸੰਪਾਦਕ ਪੰਜਾਬ ਦੇ ਮਸਲੇ ਬਾਰੇ ਆਪਣੀ ਸੋਚ ਤੇ ਇਸ ਸੰਗ੍ਰਹਿ ਦਾ ਮੰਤਵ ਹੇਠ ਲਿਖੇ ਸ਼ਬਦਾਂ ਵਿਚ ਕਰਦੇ ਹਨ।

ਸੰਸਾਰ ਨੂੰ ਲੁੱਟਣ ਤੇ ਮੁੜ ਵੰਡਣ ਦੀ ਦੌੜ ਵਿਚ ਸਾਮਰਾਜੀ ਤਾਕਤਾਂ ਸਭ ਮਨੁੱਖੀ ਕਦਰਾਂ ਕੀਮਤਾਂ ਨੂੰ ਛਿੱਕੇ ਤੇ ਟੰਗ ਕੇ ਘਟੀਆ ਤੋਂ ਘਟੀਆ ਤਰੀਕੇ ਇਸਤੇਮਾਲ ਕਰਨ ਤੋਂ ਉਤਰ ਆਈਆਂ ਹਨ। ਉਹ ਧਰਮਾਂ, ਨਸਲਾਂ, ਰੰਗਾਂ, ਇਲਾਕਿਆਂ ਆਦਿ ਦੇ ਆਧਾਰ 'ਤੇ ਲੋਕਾਂ ਨੂੰ ਪਾੜ ਕੇ ਉਨ੍ਹਾਂ ਨੂੰ ਭਰਾ ਮਾਰ ਲੜਾਈ ਵਿਚ ਝੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਉਨ੍ਹਾਂ ਵਲੋਂ ਇੰਝ ਕਰਨਾ ਜਿਥੇ ਜਮਾਤੀ ਲੜਾਈ ਤੋਂ ਬਚਣ ਦਾ ਇਕ ਤਰਲਾ ਵੀ ਹੈ, ਉਥੇ ਨਾਲ ਹੀ ਐਸੀ ਨਾਹੱਕੀ ਲੜਾਈ ਦੌਰਾਨ ਆਪਣੇ ਆਪਣੇ ਹੱਕ ਵਿਚ ਰਾਜ ਪਲਟੇ ਕਰਵਾ ਕੇ ਆਪਣੀਆਂ ਕੱਠਪੁਤਲੀ ਸਰਕਾਰਾਂ ਕਾਇਮ ਕਰਨਾ ਵੀ ਉਹਨਾਂ ਦਾ ਮੰਤਵ ਹੈ। ਪਿਛਲੇ ਸਮੇਂ ਦੌਰਾਨ ਭਾਰਤ ਵਿਚ ਤੇ ਖਾਸ ਕਰਕੇ ਪੰਜਾਬ ਵਿਚ ਜੋ ਦੁਖਾਂਤ ਵਾਪਰੇ ਹਨ ਤੇ ਵਾਪਰ ਰਹੇ ਹਨ, ਉਨ੍ਹਾਂ ਨੂੰ ਇਸ ਸੰਦਰਭ ਵਿਚ ਰੱਖ ਕੇ ਵੇਖਿਆ ਜਾਣਾ ਚਾਹੀਦਾ ਹੈ। ਜਾਪਦਾ ਹੈ ਹਿੰਦੋਸਤਾਨ ਦੀ ਹਾਕਮ ਜਮਾਤ ਵੀ ਜਮਾਤੀ ਲੜਾਈ ਤੋਂ ਭੱਜ ਖਲੋਤੀ ਹੈ। ਹਾਕਮ ਜਮਾਤ ਵਿਚਲੇ ਵੱਖੋ ਵੱਖ ਗੁੱਟ ਆਪੋ ਆਪਣੇ ਸਾਮਰਾਜੀ ਪ੍ਰਭੂਆਂ ਦੇ ਇਸ਼ਾਰਿਆਂ ਤੇ ਨੱਚਦੇ ਹੋਏ ਜਿਥੇ ਇਕ ਦੂਜੇ ਨਾਲ ਗੁੱਥ-ਮ-ਗੁੱਥਾ ਹੋ ਰਹੇ ਹਨ ਉਥੇ ਧਰਮਾਂ ਦੇ ਇਲਾਕਿਆਂ ਦੀ ਲੜਾਈ ਨੂੰ ਹਵਾ ਦੇ ਕੇ ਆਪੋ ਆਪਣੇ ਹਿੱਤਾਂ ਵਾਸਤੇ ਵਰਤਣ ਲਈ ਵੀ ਯਤਨਸ਼ੀਲ ਹਨ। ਹਕੂਮਤ ਖੁਦ ਹੀ ਆਪਣੇ ਮੁਫਾਦਾਂ ਲਈ ਇਕ ਸਾਧਾਰਨ ਵਿਅਕਤੀ ਨੂੰ ਚੁੱਕ ਕੇ 'ਭਿੰਡਰਾਂ ਵਾਲਾ' ਬਣਾ ਦੇਂਦੀ ਹੈ, ਫਿਰ ਧਰਮ ਨਿਰਪੱਖਤਾ ਤੇ ਦੇਸ਼ ਦੀ ਅਖੰਡਤਾ ਦਾ ਚੀਕ ਚਿਹਾੜਾ ਪਾ ਕੇ ਖੁਦ ਹੀ ਪਾਲੇ ਹੋਏ ਮਸਲੇ ਨੂੰ ਨਜਿੱਠਣ ਦੇ ਨਾਂ ਹੇਠ ਪੰਜਾਬ ਉਪਰ ਫੌਜਾਂ ਚਾੜ੍ਹ ਦਿੰਦੀ ਹੈ ਤੇ ਫੇਰ ਇੰਦਰਾ ਦੀ ਮੌਤ ਤੋਂ ਬਾਅਦ ਧਰਮ-ਨਿਰਪੱਖਤਾ ਦੀਆਂ ਕੂਕਾਂ ਮਾਰਨ ਵਾਲੀ ਹਕੂਮਤ ਵਿਚਲੇ ਗਾਂਧੀ ਗੁੱਟ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਦਿੱਲੀ ਤੇ ਹੋਰਨਾਂ ਥਾਈਂ ਸਿੱਖਾਂ ਦਾ ਕਤਲੇਆਮ ਹੋਣ ਦਿੱਤਾ ਜਾਵੇ ਤੇ ਰਾਜੀਵ ਗਾਂਧੀ ਆਪਣੇ ਆਪ ਨੂੰ ਹਿੰਦੂ ਬਹੁਗਿਣਤੀ ਦਾ ਮਸੀਹਾ ਸਾਬਤ ਕਰਕੇ ਵੋਟਾਂ ਪ੍ਰਾਪਤ ਕਰਨ ਦੇ ਸਾਰੇ ਰੀਕਾਰਡ ਤੋੜ ਦੇਵੇ। ਹੁਣ ਤਾਂ ਇਹ ਸੱਚ ਨਿਖਰ ਕੇ ਸਾਹਮਣੇ ਆ ਗਿਆ ਹੈ ਕਿ ਭਾਰਤ ਦੀ ਹਾਕਮ ਜਮਾਤ ਦੀ ਸਿਆਸਤ ਚੋਰਾਂ, ਗੁੰਡਿਆਂ ਤੇ ਧਾੜਵੀਆਂ ਦੀ ਸਿਆਸਤ ਹੈ। ਇਹ ਵੀਹਵੀਂ ਸਦੀ ਦੇ ਅਖੀਰ ਵਿਚ ਖੇਲੀ ਜਾ ਰਹੀ ਬੀਤ ਚੁੱਕੀਆਂ ਅਸੱਭਿਆ ਸਦੀਆਂ ਦੀ ਸਿਆਸਤ ਹੈ। ਇਹ ਵਿਗਿਆਨ ਦੇ ਯਗ ਵਿਚ ਲਾਗੂ ਕੀਤੀ ਜਾ ਰਹੀ ਜੰਗਲ ਦੀ ਸਿਆਸਤ ਹੈ। ਇਹ ਸੰਗ੍ਰਹਿ ਇਸ ਜੰਗਲ ਦੇ ਵਿਰੁੱਧ ਸ਼ਕਤੀਸ਼ਾਲੀ ਆਵਾਜ਼ ਦਾ ਮਜਮੂਆ ਹੈ।'

ਜੰਗਲ ਜੋ ਹੁਕਮਰਾਨਾਂ ਦੇ ਸੰਵਿਧਾਨਾਂ ਵਿਚੋਂ
ਉਗਿਆ ਹੈ,

ਜੰਗਲ ਜੋ ਅੱਜ
ਧਰਮ-ਅਸਥਾਨਾਂ ਵਿਚੋਂ ਉਗਿਆ ਹੈ
ਜੰਗਲ ਇਹ ਜਿੱਥੇ ਵੀ ਉਗਿਆ ਹੈ
ਲੁੱਟ ਦੀਆਂ ਪਲਾਨਾਂ ਵਿਚੋਂ ਉਗਿਆ ਹੈ।

ਜੰਗਲ ਜੋ ਸਾਡੇ ਸਿਰਾਂ ਵਿਚ ਵੀ
ਜੜ੍ਹਾਂ ਫੜਦਾ ਜਾ ਰਿਹਾ
ਐ ਮਨੁੱਖ ਦੇ ਜਾਇਓ, ਉਠੋ
ਮਨੁੱਖ ਹੋਣ ਦੇ ਪੂਰੇ ਵਿਸ਼ਵਾਸ ਸਮੇਤ
ਉਠੋ
ਐਲਾਨੇ-ਜੰਗ ਕਰੋ ਇਸ ਜੰਗਲ ਦੇ ਵਿਰੁੱਧ
ਇਸ ਤੋਂ ਪਹਿਲਾਂ ਕਿ ਤੁਸੀਂ
ਬੀਤੀਆਂ ਸਦੀਆਂ ਦੀ ਖੁਰਾਕ ਬਣ ਜਾਉ
ਜਿਥੇ ਲਿਖਿਆ ਹੈ 'ਧਰਮ ਸੰਕਟ'
ਉਥੇ ਮਿਟਾ ਕੇ ਲਿਖ ਦਿਉ 'ਸ਼ਰਮ ਸੰਕਟ'
ਕੀ ਫਰਕ ਪੈਂਦਾ ਹੈ।
ਇਸ ਤੋਂ ਪਹਿਲਾਂ ਕਿ ਜ਼ਹਿਰ ਦੌੜਣ ਲੱਗੇ
ਇਹਦੀ ਰਗ ਰਗ ਵਿਚ
ਪੰਜਾਬ ਦੇ ਮੱਥੇ ਤੇ ਫਿਰਕੂ ਨਾਗਾਂ ਦੇ
ਡੰਗਾਂ ਨਾਲ ਲਿਖਿਆ 'ਧਰਮ ਯੁਧ'
ਧੋ ਸੁੱਟੋ ਵਿਰਸੇ ਦੀ ਜ਼ਹਿਰ ਚੂਸਣੀ ਲੋਅ ਸੰਗ
ਤੇ ਕਿਰਨਾਂ ਦੀ ਕਲਮ ਪਕੜ ਕੇ
ਵਕਤ ਦੇ ਸੀਨੇ ਤੇ ਉੱਕਰ ਦਿਉ

'ਲੋਕ ਮੁਕਤੀ ਯੁੱਧ'
ਐ ਕਲਮਾਂ ਵਾਲਿਓ
ਆਪਣੀਆਂ ਲਿਖਤਾਂ ਵਿਚ ਮੁੱਕਾ ਭਰ ਦਿਓ
ਇਸ ਜੰਗਲ ਦੇ ਵਿਰੁੱਧ
ਇਸ ਤੋਂ ਪਹਿਲਾਂ
ਕਿ ਤੁਸੀਂ ਇਸ ਜੰਗਲ ਦਾ ਹਿੱਸਾ ਬਣ ਜਾਓ ।

ਸੰਪਾਦਕੀ ਕਵਿਤਾ 'ਜੰਗਲ ਦੇ ਵਿਰੁੱਧ'

ਇਸ ਜੰਗਲ ਦੇ ਵਿਰੁੱਧ ਕਵੀਆਂ ਦੀ ਆਵਾਜ਼ ਹਰ ਇਕ ਕਵਿਤਾ ਵਿਚ ਹੈ :

ਹਿੱਟ ਲਿਸਟਾਂ ਲਟਕਾਵਣ ਵਾਲੇ
ਆਪ ਸ਼ਿਕਾਰ ਉਨ੍ਹਾਂ ਦੇ ਹੋਏ
ਪਰ ਜੋ ਜ਼ਹਿਰ ਕਹਿਰ ਦੀ ਲਹਿਰ ਉਨ੍ਹਾਂ ਨੇ
ਸ਼ਾਂਤ ਸਰੋਵਰ ਵਿਚ ਜਗਾਈ
ਲੱਖਾਂ ਤਾਰੂ ਡੋਬ ਰਹੀ ਹੈ ।

ਗੁਰਚਰਨ ਰਾਮਪੁਰੀ—ਜ਼ਹਿਰੀ ਰੁੱਖ

ਬੜਾ ਜ਼ਰੂਰੀ ਹੁੰਦਾ ਹੈ,
ਇਕ ਕਿਸਾਨ ਲਈ
ਪੈਲੀ ਨੂੰ ਭੂਤਰੇ ਸਾਨ੍ਹਾਂ ਤੋਂ ਬਚਾਉਣਾ
ਸਾਂਨ੍ਹ, ਦਿੱਲੀ ਦੇ ਹੋਣ
ਚੰਡੀਗੜੀਏ ਹੋਣ ਜਾਂ ਅੰਬਰਸਰੀਏ
ਉਜਾੜਾ ਇਕੋ ਜਿਹਾ ਪਾਉਂਦੇ ਹਨ

ਅਵਤਾਰ ਗਿਲ—ਸਾਨ੍ਹ

ਤੁਸੀਂ ਜੋ
ਕੜਾਹ ਨਾਲ ਰੱਜੇ ਹੋਏ ਹੋ
ਕਿਤਾਬਾਂ ਨਾਲ ਕੱਜੇ ਹੋਏ ਹੋ
ਜੱਟਵਾਦ ਨਾਲ ਬੱਝੇ ਹੋਏ ਹੋ
ਸਾਨੂੰ
ਇਕ ਪਿੰਡ ਤੋਂ ਦੂਜੇ ਪਿੰਡ
ਇਕ ਸੂਬੇ ਤੋਂ ਦੂਜੇ ਸੂਬੇ
ਇਕ ਦੇਸ਼ ਤੋਂ ਦੂਜੇ ਦੇਸ਼
ਰੋਜ਼ੀ ਰੋਟੀ ਲਈ ਟੱਕਰਾਂ
ਮਾਰਨ ਵਾਲਿਆਂ ਨੂੰ
ਪੂਰਬੀਏ ਆਖੋ ਜਾਂ ਭਈਏ
ਹਿੰਦੂ ਆਖੋ ਜਾਂ ਪਾਕੀ
ਅਸੀਂ ਕੀ ਲੈਣਾ ਹੈ ?
ਤੁਸੀਂ ਸਾਨੂੰ ਬਹੁਤ ਉਲਝਾਇਆ ਹੈ
ਗਧੀ ਗੇੜ ਵਿਚ ਪਾਇਆ ਹੈ
ਪਰ ਸਾਨੂੰ ਦੋਸਤ ਤੇ ਦੁਸ਼ਮਨ ਦੀ
ਪਹਿਚਾਣ ਆ ਗਈ ਹੈ
ਆਪਣੀ ਹੋਣੀ ਨੂੰ ਲੱਭਣ ਦੀ
ਜਾਚ ਆ ਗਈ ਹੈ
ਤੁਸੀਂ ਸਾਨੂੰ
ਪੂਰਬੀਏ, ਭਈਏ, ਹਿੰਦੂ ਜਾਂ ਪਾਕੀ
ਜੋ ਜੀ ਆਏ
ਆਖ ਸਕਦੇ ਹੋ
ਕੀ ਫਰਕ ਪੈਣਾ ਹੈ
ਆਖਰ ਤਾਂ ਕਿਰਤੀਆਂ ਨੇ
ਕਿਰਤੀ ਹੀ ਰਹਿਣਾ ਹੈ ।

ਅਵਤਾਰ ਗਿਲ—ਭਈਏ

ਸਾਰੇ ਪਾਏ ਤੂੰ ਪੁਆੜੇ ਘੁੱਗ ਵੱਸਦੇ ਉਜਾੜੇ
ਹਿੰਦੂ ਸਿੱਖ ਭਾਈਚਾਰੇ ਨੂੰ ਲੜਾਉਣ ਵਾਲੀਏ
ਤੇਰੇ ਦਿਲ ਵਿਚ ਮੈਲ ਦਿੱਲੀ ਰਹਿਣ ਵਾਲੀਏ

ਸੰਤੁਵੰਤ—ਇਕ ਗੀਤ

ਫਿਰਕੂ ਜਨੂੰਨ ਦੀ ਬੇਤੁਕੀ ਨੂੰ ਸੁਰਿੰਦਰ ਧੰਜਲ ਆਪਣੀ ਇਕ ਕਵਿਤਾ ਵਿਚ ਬਿਆਨ ਕਰਦਾ ਹੈ,

'ਖਬਰ ਤਾਂ ਏਨੀ ਕੁ ਹੀ ਸੀ
ਕਿ ਛੇ ਜ਼ਿੰਦਗੀਆਂ ਮੌਤ ਵਿਚ ਬਦਲ ਗਈਆਂ—
ਅਖਬਾਰ ਦੀ ਸੁਰਖੀ ਦਾ ਕੀ ਹੈ ?
ਸੁਰਖੀ ਤਾਂ ਕੋਈ ਵੀ ਹੋ ਸਕਦੀ ਹੈ
ਬੱਸ ਵਿਚ ਛੇ ਮੁਸ਼ਾਫਰ ਮਰ ਗਏ
ਬੱਸ ਵਿਚੋਂ ਕੱਢ ਕੇ ਛੇ ਮੁਸਾਫ਼ਰ ਮਾਰੇ ਗਏ
ਬੁੱਕਦੇ ਸ਼ੇਰਾਂ ਨੇ ਛੇ ਬੱਕਰੀਆਂ ਝਟਕਾ ਦਿੱਤੀਆਂ
ਛੇ ਪਗੜੀਆਂ ਨੇ ਛੇ ਟੋਪੀਆਂ ਦਾ ਕਤਲ ਕਰ ਦਿੱਤਾ
ਲਾਲ ਕਿਲ੍ਹੇ ਦੇ ਗੋਲੇ ਕਬੂਤਰਾਂ ਨੇ
ਛੇ ਘੁੱਗੀਆਂ ਛੁੰਡ ਦਿੱਤੀਆਂ
ਖਬਰ ਤਾਂ ਏਨੀ ਕੁ ਹੀ ਹੈ
ਕਿ ਸਿਰ੍ਹਾਣਿਆਂ ਹੇਠ ਬਾਹਾਂ ਦੇ ਕੇ
ਬੇਫਿਕਰ ਸੌਂ ਰਹੇ ਮੁਜਰਮਾਂ ਨੂੰ
ਗਲੀਆਂ 'ਚ ਭਾਲਦਾ ਫਿਰਦਾ ਹੈ ਕਾਨੂੰਨ
ਕੱਚੀਆਂ ਕੰਧਾਂ ਤੇ ਡੰਡੇ ਮਾਰ ਕੇ ਪੁੱਛਦਾ ਨੂੰ
ਕਿਥੇ ਲੁਕੋਇਆ ਹੈ ਫ਼ਿਰਕੂ ਜਨੂੰਨ ?

ਸੁਰਿੰਦਰ ਧੰਜਲ—ਫਿਰਕੂ ਜਨੂੰਨ

ਇਕ ਆਖੇ ਸਾਡਾ 'ਸੰਤ' ਮਰਿਆ
ਦੂਜਾ ਰੋਵੇ 'ਰਾਣੀ' ਮਰ ਗਈ,
ਉਹ ਇਹਨੂੰ ਅਮਰ ਕਰ ਗਿਆ
ਇਹ ਉਹਨੂੰ ਅਮਰ ਕਰ ਗਈ
ਇਸ ਅੱਗ ਦੇ ਦੋ ਵਣਜਾਰੇ
ਜਿਨ੍ਹਾਂ ਲਪੇਟੇ ਲੋਕ ਵਿਚਾਰੇ
ਇਕ ਧਰਮ ਨੂੰ ਹੁੰਦਾ ਖਤਰਾ

ਕੁਰਸੀ ਦੀ ਜਦ ਬਾਜ਼ੀ ਹਾਰੇ
ਦੇਸ਼ ਏਕਤਾ ਦਾ ਪਿੱਟ ਢੰਡੋਰਾ
ਦੂਜਾ ਲਾਵੇ ਭੁਖਦੇ ਨਾਹਰੇ
ਦੋਹਾਂ ਦੀ ਅੱਗ ਦੀ ਖੇਡ
ਮਚ ਰਹੇ ਨੇ ਕੁੱਲੀਆਂ ਢਾਰੇ

ਮੱਖਣ ਟੁੱਟ—ਅੱਗ ਦੀ ਖੇਡ

ਕਿਸ ਧਰਤੀ ਦੀ ਸੁੱਚੀ ਮਿੱਟੀ
ਕਿਸ ਮੱਥੇ ਨੂੰ ਲਾਵਾਂ
ਝੁਲਸ ਗਈਆਂ ਨੇ ਸੱਭੇ ਰੁੱਤਾਂ
ਨਾ ਧੁੱਪਾਂ ਨਾ ਛਾਵਾਂ
ਕਿਸ ਭਵਿੱਖ ਦੇ ਗੀਤ ਮੈਂ ਯਾਰੋ
ਕਿਹੜੇ ਚਾਵੀਂ ਗਾਵਾਂ
ਆਪਣੇ ਹੱਥੀਂ ਤੋੜ ਲਈਆਂ ਨੇ
ਆਪਣੀਆਂ ਹੀ ਬਾਹਵਾਂ
ਬੇਅਕਲੀ ਦਾ ਬੂਟਾ ਲਾ ਕੇ
ਕੀ ਮਾਣਾਂਗੇ ਛਾਵਾਂ

ਮਹਿੰਦਰ ਸੁਮੇਲ—ਇਕ ਗੀਤ

ਮੈਂ ਤੁੱਛ ਬੁੱਧੀ ਦਾ ਮਾਲਕ
ਧਰਮ ਬਾਰੇ ਕੀ ਕਹਿ ਸਕਦਾ ਹਾਂ !
ਮੈਂ ਤਾਂ ਬੱਸ ਏਨਾ ਜਾਣਦਾ ਹਾਂ
ਛੋਟੀ ਉਮਰ ਤੋਂ ਲੈ ਕੇ ਹੁਣ ਤੱਕ
ਕਿਸੇ ਧਰਮ ਨੇ ਮੈਨੂੰ ਰੋਟੀ ਦੀ ਬੁਰਕੀ
ਤੱਕ ਨਹੀਂ ਬਖਸ਼ੀ
ਮੇਰੇ ਪਸੀਨੇ ਦੀ ਕਮਾਈ ਨੂੰ ਠੂੰਗਾ ਹੀ ਮਾਰਿਆ ਹੈ
ਮੇਰੇ ਘਰ ਵਿਚ ਇਸਨੇ ਵੰਡਾਂ ਪਾਈਆਂ
ਮੈਨੂੰ ਦੇਸੋਂ ਪ੍ਰਦੇਸੀ ਕੀਤਾ
ਸ਼ਾਇਦ ਇਸ ਕਰਕੇ ਹੀ ਸੋਚਣ ਲੱਗਾ ਹਾਂ
ਧਰਮ ਕੀ ?
ਆਖਰ ਇਸਨੇ ਮੈਨੂੰ ਕੀ ਦਿੱਤਾ ?
ਜੋ ਦਿੱਤਾ—
ਯਕੀਨਨ ਉਹ ਮਨੁੱਖਤਾ ਨਹੀਂ ਹੈ

ਅਮਰਜੀਤ ਚਾਹਲ—ਧਰਮ

ਪੰਜਾਬ ਦੇ ਦੁਖਾਂਤ ਨੂੰ ਇਕਬਾਲ ਰਾਮੂਵਾਲੀਆ ਇਕ ਸ਼ਕਤੀਸ਼ਾਲੀ ਕਾਵਿਕ ਮੁਹਾਵਰੇ ਵਿਚ ਬਿਆਨ ਕਰਦਾ ਹੈ :

ਉਸਨੂੰ ਕਹੋ ਕਿ ਖਤ ਲਿਖੇ
ਬਹੁਤ ਸਹਿ ਲਿਆ ਹੈ ਖਾਮੋਸ਼ ਕੰਧਾਂ ਦਾ ਸ਼ੋਰ
ਬਹੁਤ ਤਿੜਕ ਗਿਆ ਹਾਂ ਖ਼ਲਾਅ ਸੰਗ ਟਕਰਾ ਟਕਰਾ ਕੇ
ਬਹੁਤ ਤੜਫਿਆ ਹਾਂ
ਕਦੇ ਆਪਣੇ ਹੀ ਪਰਛਾਵੇਂ ਨੂੰ ਮਿਲ ਕੇ
ਤੇ ਕਦੇ ਆਪਣੇ ਹੀ ਪਰਛਾਵੇਂ ਤੋਂ ਡਰ ਕੇ
ਬਹੁਤ ਖੁਰ ਗਿਆ ਹਾਂ, ਉਸ ਘਟਨਾ ਦੀ ਉਡੀਕ ਵਿਚ
ਜਿਸਨੇ ਸ਼ਾਇਦ ਕਦੇ ਵੀ ਨਹੀਂ ਵਾਪਰਨਾ
ਸੀਤ ਮੌਸਮ 'ਚ
ਸੇਕਣ ਲਈ ਸਿਰਫ ਆਪਣਾ ਬੁਖਾਰ ਹੀ ਬਚਿਆ ਹੈ
ਉਹ ਜੋ ਬਚ ਗਈ ਹੋਵੇ
ਉਸ ਬੇਕਿਰਕ ਮੌਸਮ ਤੋਂ
ਜਿਥੇ ਬੰਦਾ ਸਿਰਫ ਜੁਮੈਟਰੀ ਦੀਆਂ
ਸ਼ਕਲਾਂ ਬਣ ਕੇ ਹੀ ਰਹਿ ਜਾਂਦੈ
ਉਹ ਜੋ ਬਚ ਗਈ ਹੋਵੇ
ਉਨ੍ਹਾਂ ਬਜ਼ੁਰਗ ਇਮਾਰਤਾਂ ਤੋਂ
ਜਿਥੇ ਲਗਾਤਾਰ ਸੁੰਗੜ ਰਹੇ ਨੇ
ਕੀਮਤੀ ਰੁਮਾਲਿਆਂ 'ਚ ਜਕੜੇ ਧਾਰਮਕ ਗਰੰਥ;
ਉਹ ਜੋ ਬਚ ਗਈ ਹੋਵੇ
ਦਿੱਲੀ ਦੀ ਉਸ ਬਦਚਲਣ ਮਜਲਿਸ ਤੋਂ
ਜਿਥੇ ਖੰਜਰ ਅਤੇ ਮਰਹਮ
ਇਕੋ ਸੇਜ ਉਤੇ ਵਿਚਰਦੇ ਨੇ,
ਤਾਂ ਉਸਨੂੰ ਕਹੋ ਕਿ ਖਤ ਲਿਖੇ ।

ਇਕਬਾਲ ਰਾਮੂਵਾਲੀਆ—ਉਸਨੂੰ ਕਹੋ

ਇਹੋ ਆਵਾਜ਼ਾਂ ਗੀਤਾਂ ਅਤੇ ਕਵਿਤਾਵਾਂ ਵਿਚ ਵੱਖ ਵੱਖ ਰੂਪਾਂ ਵਿਚ ਉਠੀਆਂ ਹੁੰਦੀਆਂ ਹਨ । ਲੋਕ ਜੀਣਾ ਚਾਹੁੰਦੇ ਹਨ ।

ਆ ਇਕ ਫੱਕਾ ਚਾਨਣ ਦਾ
ਅੱਜ ਤਲੀ ਤੇਰੀ ਤੇ ਧਰ ਦੇਵਾਂ
ਤੇ ਪੰਡ ਹਨੇਰੇ ਦੀ
ਫ਼ੈਣਾਂ ਦੇ ਸਿਰ ਤੋਂ ਲਾਂਭੇ ਕਰ ਦੇਵਾਂ
ਤਣੀ ਹੋਈ ਤੇਰੇ ਜੁੱਸੇ ਤੇ
ਚਾਦਰ ਧਰਮਾਂ ਕਰਮਾਂ ਦੀ
ਛੁਰੀ ਹਕੀਕਤ ਦੀ ਹੱਥ ਫੜ ਕੇ
ਕਾਤਰ ਕਾਤਰ ਕਰ ਦੇਵਾਂ
ਆ ਇਕ ਫੱਕਾ ਚਾਨਣ ਦਾ......
ਤੇ ਪੰਡ ਹਨੇਰੇ ਦੀ......

ਅਮਰ ਸਿੰਘ ਬੈਨੀਪਾਲ—ਇਕ ਗੀਤ

ਜਾਗੋ ਲੋਕੋ ਉਠੋ ਕੁਝ ਕਰੋ ਚਾਰਾ ਵੇ
ਸੰਨ ਸੰਤਾਲੀ ਆਏ ਨਾ ਦੁਬਾਰਾ ਵੇ
ਕਿਰਤਾਂ ਦਾ ਸਾਂਭ ਲਿਉ ਭਾਈਚਾਰਾ ਵੇ
ਲੋਟੂਆਂ ਖਿਲਾਫ ਸੇਧੋ ਗੁੱਸਾ ਸਾਰਾ ਵੇ
ਹੱਕੀ ਘੋਲਾਂ ਵਾਲਾ ਮੱਲ ਕੇ ਅਖਾੜਾ ਵੇ
ਕਰੀਏ ਆਜ਼ਾਦ ਹੁਣ ਦੇਸ਼ ਸਾਰਾ ਵੇ ।

ਹਰੀਪਾਲ—ਸੰਤਾਲੀ ਦੁਬਾਰਾ ਨਹੀਂ

ਆਇਰਲੈਂਡ ਤੋਂ ਵਿਲਾਇਤ ਤੱਕ
ਇਰਾਨ ਤੋਂ ਇਰਾਕ ਤੱਕ
ਜੇਰੂਸਲਮ ਤੋਂ ਬੈਰੂਤ ਤੱਕ
ਅਮ੍ਰਿਤਸਰ ਤੋਂ ਦਿੱਲੀ ਤੱਕ
ਸਾਰੇ ਲੋਕ ਜਿਊਣਾ ਚਾਹੁੰਦੇ
ਸੀ ਉਨ੍ਹਾਂ ਨੂੰ ਵੀ ਪੂਰਾ ਹੱਕ।
ਜੋ ਬੰਬਾਂ ਉਡਾਏ ਤੇ ਮੋਰਚਿਆਂ ਨੇ ਖਾਏ
ਜੋ ਬੱਸਾਂ ਤੇ ਗੱਡੀਆਂ 'ਚ ਧੂਹ ਕੇ ਮੁਕਾਏ
ਆਓ ਸਾਰੇ ਸੰਗਰਾਮਾਂ ਦਾ
ਚੁੱਕ ਲਈਏ ਝੰਡਾ
ਖਤਮ ਕਰੀਏ ਬੰਦੇ ਹੱਥੋਂ
ਬੰਦੇ ਦੀ ਲੁੱਟ ਧੰਦਾ
ਪੱਗ ਤੇ ਜਨੇਊ ਦੇ ਆਪਸੀ ਵਹਿਸ਼ੀ ਕਤਲ
ਹੋਈਏ ਸਰਗਰਮ, ਪਛਾਣੀਏ ਮਨੁੱਖ ਦੀ ਸ਼ਕਲ
ਲੋਟੂਆਂ ਦੀ ਇਸ ਢਾਣੀ ਦੀਆਂ
ਮੱਕਾਰ ਚਾਲਾਂ ਜਾਣੀਏ
ਜਿਊਂਦੇ ਵਸਦੇ ਸ਼ਬਦਾਂ ਦੇ
ਡੂੰਘੇ ਅਰਥ ਮਾਣੀਏ।

ਲਾਟ ਭਿੰਡਰ–ਜਿਊਂਦੇ ਸ਼ਬਦ

ਹੈ ਸੰਤਾਲੀ ਦਾ ਸੀਨ ਨਜ਼ਰਾਂ ਅੱਗਿਓਂ ਲੰਘਿਆ
ਹਿੰਦੂ ਪਾਣੀ ਤੇ ਮੁਸਲਮਾਨ ਪਾਣੀ ਸੰਗ
ਹੁਣ ਮੈਂ ਸਿੱਖ ਪਾਣੀ ਵੱਖਰਾ ਤੱਕਿਆ
ਇਹ ਪੰਜਾਂ ਪਾਣੀਆਂ ਦਾ ਮੁਲਕ
ਗਿਆ ਢਾਈਆਂ ਵਿਚ ਵੰਡਿਆ
ਢਾਈਆਂ ਨੂੰ ਵੀ ਇਹ ਪਾਣੀ ਰਾਸ ਨਹੀਂ ਆਇਆ
ਮੇਰੇ ਦੋਸਤਾ
ਤੂੰ ਤੇ ਸੱਤ ਸਮੁੰਦਰ ਡੀਕੇ ਨੇ,
ਪਾਣੀ ਦਾ ਰੰਗ ਕੀ ਹੁੰਦੈ ?
ਮੈਨੂੰ ਤਾਂ ਕਦੀ ਸਮਝ ਨਹੀਂ ਆਇਆ

ਦਰਸ਼ਨ ਗਿੱਲ–ਪੰਜਾਬ ਤੋਂ ਇਕ ਖ਼ਤ

ਜਨੂੰਨ–
ਇਕ ਤਲਵਾਰ ਹੈ
ਜੋ ਕਤਲ ਕਰਨ ਵੇਲੇ
ਕਮਜ਼ੋਰ ਜਾਂ ਬਲਵਾਨ ਨਹੀਂ ਦੇਖਦੀ
ਇਕ ਅੱਗ ਹੈ
ਜੋ ਜਲਾਉਣ ਵੇਲੇ ਘਰ ਜਾਂ ਦੁਕਾਨ ਨਹੀਂ ਦੇਖਦੀ
ਇਕ ਇਨਸਾਨੀ ਦਿਮਾਗ ਦੀ ਸ਼ੈਤਾਨੀ ਸੋਚ ਹੈ
ਜੋ ਇਨਸਾਨ ਨੂੰ ਇਨਸਾਨ ਨਹੀਂ ਦੇਖਦੀ
ਇਸ ਜਨੂੰਨ ਤੋਂ ਬਚੋ

ਅਮਨ ਪਾਲ ਸੈਰਾ–ਜਨੂੰਨ

ਕਾਬਲ ਕੰਧਾਰ ਤੱਕ ਕਦੇ ਇਹ ਵੱਸਦਾ ਸੀ
ਧੌਲਾ ਬੱਦਲ ਜਦ ਇਸਤੇ ਵਰ੍ਹਿਆ ਸੀ
ਬੂੰਦ ਬੂੰਦ 'ਚ ਭਰੀ ਸੀ ਜ਼ਹਿਰ ਜਿਸਦੇ
ਟੋਟੇ ਟੋਟੇ ਪੰਜਾਬ ਮੇਰਾ ਕਰਿਆ ਸੀ

ਅੱਜ ਫੇਰ ਕੋਈ ਕਹਿਰ ਦੀ ਘਟਾ ਕਾਲੀ
ਮੇਰੇ ਸੋਹਣੇ ਪੰਜਾਬ ਤੇ ਛਾਈ ਹੋਈ ਏ
ਮੇਰੇ ਪਹਿਲੇ ਹੀ ਜ਼ਖਮ ਨਹੀਂ ਭਰੇ ਅਜੇ
ਇਹ ਨਵੀਂ ਕਿਆਮਤ ਕੋਈ ਆਈ ਹੋਈ ਏ

ਨਾ ਕੋਈ ਧਰਮ ਬੁਰਾ ਨਾ ਕੋਈ ਮਜ਼ਬ ਬੁਰਾ
ਕੋਈ ਕਬੀਲਾ ਨਾ ਜ਼ਾਤਪਾਤ ਘਟੀਆ
ਐਵੇਂ ਕਿਸੇ ਤੇ ਕਿਉਂ ਇਲਜ਼ਾਮ ਲਾਵੋ
ਇਹ ਤੁਹਾਡੇ ਦਿਮਾਗ਼ ਦੀ ਸੋਚ ਘਟੀਆ

ਇਹ ਫਿਰਕੂ ਹਨੇਰੀ ਨਹੀਂ ਝੁਲਣ ਦੇਣੀ
ਲੋਕ ਏਕਤਾ ਹੈ ਐਲਾਨ ਸਾਡਾ
ਨਾ ਮਜ਼ਬਾਂ ਦਾ ਨਾ ਨਸਲਾਂ ਦਾ
ਹੱਕ ਸੱਚ ਦਾ ਹੈ ਸੰਗਰਾਮ ਸਾਡਾ

ਅਵਤਾਰ ਰੋਡੇ–ਸਮੇਂ ਦੇ ਕਾਤਲਾਂ ਨੂੰ

ਆਵੋ ਵੇ ਵੀਰੋ, ਆਵੋ ਨੀ ਭੈਣੋ
ਸਾਂਝਾਂ ਦੀ ਰਲਮਿਲ ਗੱਲ ਕੋਈ ਕਰੀਏ
ਧਰਮਾਂ ਦੇ ਨਾਂ ਤੇ ਨਾ ਆਪੇ 'ਚ ਲੜੀਏ
ਨਫਰਤ ਦੇ ਜ਼ਖਮਾਂ ਨੂੰ ਪਿਆਰ ਨਾਲ ਭਰੀਏ

ਮੱਘਾ ਸਿੰਘ ਬਾਸੀ–'ਸਾਂਝ'

(ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਇਕ ਅਨੁਮਾਨ ਅਨੁਸਾਰ ਇਕ ਦਿਨ 'ਚ ਗਿਆਰਾਂ ਸੌ ਦੇ ਕਰੀਬ ਬੇਗੁਨਾਹ ਮਾਰੇ ਗਏ, ਉਹਦੇ ਬਾਰੇ 'ਅਜਮੇਰ ਰੋਡੇ ਦੀ ਕਵਿਤਾ 'ਬਾਪੂ ਦੇ ਤਿੰਨ ਬਾਂਦਰ ਦੇ ਕੁਝ ਅੰਸ਼)

ਜੇ ਪਰਬਤ ਦੀ ਚੋਟੀ ਮੋਈ
ਜੱਗ ਵਿਚ ਉਸਦੀ ਚਰਚਾ ਹੋਈ
ਮਰਕੇ ਉਹ ਹੋਰ ਵੀ ਉੱਚੀ ਹੋਈ
ਦੇਸੀ ਘਿਉ ਦੀ, ਸੰਦਲ ਦੀ ਖੁਸ਼ਬੂ
ਗਿਆਰਾਂ ਸੌ ਰੂਹਾਂ ਦੀ ਧੂਫ 'ਚ
ਉਸ ਦੀ ਦੇਹ ਸਮੋਈ
ਜੋ ਗਿਆਰਾਂ ਸੌ ਦੇਹਾਂ
ਪਰਬਤ ਦੇ ਪੈਰਾਂ ਵਿਚ ਮੋਈਆਂ
ਕਿੱਥੇ ਗਈਆਂ
ਕੁਝ ਵੱਢੀਆਂ ਅਣ ਵੱਢੀਆਂ ਰਹੀਆਂ
ਕੁੱਝ ਗਈਆਂ ਛੱਪੜਾਂ ਵਿਚ ਡੌਬੀਆਂ!
ਕੁੱਝ ਕੁੱਤਿਆਂ ਦੇ ਪੇਟ ਆਫਰੇ
ਕੁੱਝ ਗਿਰਝਾਂ ਨੇ ਕੁੱਖਾਂ ਕੱਢੀਆਂ

ਕੁੱਝ ਬਲ ਗਈਆਂ ਵਾਂਗ ਪਤੰਗੇ
ਕੁੱਝ ਹੋ ਭੋਰਾ ਭੋਰਾ ਸੜੀਆਂ
ਚਲੋ ਇਹ ਟੁੱਟੀਆਂ ਭੱਜੀਆਂ
ਸੜੀਆਂ ਬਲੀਆਂ ਦੇਹਾਂ
ਇਕ ਪਾਸੇ ਤਾਂ ਲੱਗੀਆਂ
ਪਰ ਜਿਨ੍ਹਾਂ ਚੋਂ ਰੂਹਾਂ ਸੜੀਆਂ
ਲੱਖ ਹਜ਼ਾਰਾਂ ਐਸੀਆਂ ਦੇਹਾਂ
ਵਿਚ ਬਜ਼ਾਰਾਂ ਭਟਕਣ ਪਈਆਂ
ਆਪਣੇ ਵਿਛੜੇ ਜਿਊਂਦੇ ਮੋਏ
ਫਿਰਨ ਲੱਭਦੀਆਂ
ਉਹ ਦੇਹਾਂ ਕਿਸ ਪਾਸੇ ਲੱਗੀਆਂ ?

ਵਾਹ ਨੀ ਦਿੱਲੀਏ ਵਾਹ
ਤੇਰੇ ਪਰਬਤ ਦੀ ਚੋਟੀ ਤੋਂ
ਤੇਰੇ ਬਾਪੂ ਦੇ ਤਿੰਨ ਬਾਂਦਰ
ਸਾਡੇ ਸਿਰੀਂ ਚ ਪਾਉਣ ਸੁਆਹ
ਪਰਬਤ ਦੇ ਪੈਰਾਂ ਵਿਚ ਰਹਿੰਦੇ
ਕਦੋਂ ਤੱਕ ਸਹਿਣਗੇ ਇੰਜ ਭਲਾ
ਮੂੰਹ ਵਿਚ ਜਾਂਦੀ ਮੁਰਦਾ ਸੁਆਹ

ਅਜਮੇਰ ਰੋਡੇ—ਬਾਪੂ ਦੇ ਤਿੰਨ ਬਾਂਦਰ

ਇਕ ਹੋਰ ਕਵਿਤਾ ਵਿਚ ਅਜਮੇਰ ਰੋਡੇ ਉਹਨਾਂ ਕਥਿਤ ਯੋਧਿਆਂ ਨੂੰ ਚੇਲੰਜ ਕਰਦਾ ਹੈ ਜੋ, ਭਾਰਤ ਵਿਚ ਆਪਣੇ ਫ਼ਿਰਕੇ ਦੀ ਅਣਖ ਦਾ ਤਾਂ ਬੜਾ ਫਿਕਰ ਕਰਦੇ ਹਨ ਪਰ ਆਪ ਪ੍ਰਦੇਸਾਂ ਵਿਚ ਜੋ ਬੇਅਣਖੀ ਜ਼ਿੰਦਗੀ ਗੁਜ਼ਾਰ ਰਹੇ ਹਨ, ਉਸਦਾ ਉਹਨਾਂ ਨੂੰ ਫਿਕਰ ਨਹੀਂ ।

ਇਹ ਕਿਹੋ ਜਿਹੀ ਅਣਖ ਹੈ ਜੋਸ਼ੀਲਿਓ
ਇਹ ਕਿਹੋ ਜਿਹਾ ਜੋਸ਼ ਹੈ ਅਣਖੀਲਿਓ
ਜੋ ਦੂਰੋਂ ਧਰਮ ਨੂੰ ਖਤਰੇ ਦੀ
ਮੱਧਮ ਜਿਹੀ ਆਵਾਜ਼ ਵੀ ਸੁਣਦਾ ਹੈ
ਤਾਂ ਬਾਰੂਦ ਵਾਂਗ ਭੜਕ ਉਠਦਾ ਹੈ
ਤੁਹਾਡੇ ਸਾਹਮਣੇ ਦਿਨ ਦਿਹਾੜੇ
ਤੁਹਾਡੇ ਬੱਚਿਆਂ ਨੂੰ ਕੋਈ ਨਿਗਰ ਕਹੇ, ਪਾਕੀ ਕਹੇ,
ਕੰਮ ਕਰਦੀਆਂ ਮਾਵਾਂ ਧੀਆਂ ਭੈਣਾਂ ਨੂੰ ਕੋਈ
ਅੱਖ ਮਾਰੇ, ਟਿੱਚਰ ਕਰੇ
ਰਾਹ ਜਾਂਦੇ ਬਜ਼ੁਰਗਾਂ ਦੀ ਇੱਜ਼ਤ ਖੇਰੂੰ ਖੇਰੂੰ ਕਰੇ
ਤਾਂ ਸੌਂ ਰਹਿੰਦਾ ਹੈ ।
ਇਹ ਕਿਹੋ ਜਿਹਾ ਜੋਸ਼ ਹੈ ਯਾਰੋ
ਜੋ ਉਥੇ ਵੱਸਦੇ ਮਿੱਤਰਾਂ ਦੇ ਹੱਕ ਵਿਚ ਤਾਂ
ਕੜਕਦਾ ਫਿਰਦਾ ਹੈ
ਉਹਨਾਂ ਦੇ ਪਹਿਲੇ ਤੋਂ ਦੂਜੇ ਦਰਜੇ ਦੇ
ਸ਼ਹਿਰੀ ਬਣਨ ਦੀ
ਚਿੰਤਾ ਵਿਚ ਝੱਗ ਸੁੱਟਦਾ ਫਿਰਦਾ ਹੈ,
ਇਥੇ ਆਪ ਚੌਥੇ ਦਰਜੇ ਦਾ ਸ਼ੂਦਰ ਕਹਾ ਕੇ ਵੀ
ਪੂਛ ਸੁੱਟੀ ਫਿਰਦਾ ਹੈ ।

ਅਜਮੇਰ ਰੋਡੇ—ਇਹ ਕਿਹੋ ਜਿਹੀ ਵਿਦਿਆ ਹੈ

ਸਾਧੂ ਪੰਜਾਬ ਦੇ ਦੁਖਾਂਤ ਲਈ ਦਿੱਲੀ ਦੇ ਹਾਕਮਾਂ ਅਤੇ ਧਾਰਮਕ ਜਨੂੰਨੀਆਂ ਉਤੇ ਸਿੱਧੀ ਇਲਜ਼ਾਮ ਦੀ ਉਂਗਲ ਰੱਖਦਾ ਹੈ :

...ਮੇਰੇ ਲਈ ਤਾਂ ਬੱਸਾਂ 'ਚੋਂ ਕੱਢ ਕੇ ਮਾਰੇ ਵੀ ਬੰਦੇ
ਜੋ ਫੌਜੀ ਟੈਂਕਾਂ ਨੇ ਲਿਤਾੜੇ
ਉਹ ਵੀ ਬੰਦੇ
ਬੰਦ ਘਰਾਂ ਵਿਚ ਲੂਹੇ ਗਏ ਵੀ ਬੰਦੇ
ਮੈਂ 'ਪੈਂਤੀ ਪੈਂਤੀ' ਮਾਰਨ ਵਾਲੀ
ਹੈਂਕੜ ਦਾ ਵੀ ਵਿਰੋਧੀ
ਤੇ ਮਾਂ ਮਰੀ ਤੇ ਖੂਨ ਦਾ ਬਦਲਾ ਖੂਨ
ਪ੍ਰਚਾਰਨ ਵਾਲੇ ਰਾਜੇ ਦਾ ਵੀ
ਮੇਰੇ ਲਈ ਇਹ ਦੋਵੇਂ ਦੋਸ਼ੀ ।

ਸਾਧੂ—ਦੋਵੇਂ ਦੋਸ਼ੀ

ਰਾਜਧਾਨੀ ਦੀਆਂ ਕੁਰਸੀਆਂ 'ਤੇ ਬੈਠਣ ਵਾਲੇ
ਧਰਮ-ਅਸਥਾਨਾਂ 'ਤੇ ਮੰਜੀਆਂ ਮੱਲਣ ਵਾਲੇ
ਇਕੋ ਪੰਛੀ ਦੇ ਖੰਭ ਸਾਰੇ
ਇਕੋ ਰੱਸੇ ਬੰਨ੍ਹਣ ਵਾਲੇ
ਆਓ ਇਹਨਾਂ ਨੂੰ ਪੁੱਛੀਏ
ਕਿਹਨੇ ਦਿੱਤਾ ਹੈ ਇਹ ਹੱਕ ਇਹਨਾਂ ਨੂੰ
ਇਹ ਸਾਡੇ ਵਿਹੜਿਆਂ 'ਚ
ਟੈਂਕਾਂ ਤੋਪਾਂ ਦਾ ਨੰਗਾ ਨਾਚ ਕਰਨ ।

ਸਾਧੂ—ਸ਼ਾਂਤੀ ਤੇ ਧਰਮ

ਸੁਖਪਾਲ ਪੰਜਾਬ ਦੇ ਹਾਲਾਤ ਬਾਰੇ ਆਪਣੀ ਰੋਹ ਭਰੀ ਆਵਾਜ਼ ਸਮੇਂ ਦੇ ਹਾਕਮਾਂ ਵਿਰੁੱਧ ਉਠਾਂਦਾ ਹੈ,

ਮੇਰੇ ਦੇਸ਼ ਦੇ ਹਾਕਮ ਚੌਧਰੀਓ,
ਤੁਸੀਂ ਜ਼ਮੀਂ ਨਹੀਂ ਅਸਮਾਨ ਨਹੀਂ
ਤੁਸੀਂ ਗਿਣਤੀ ਦੇ ਚੰਦ ਬੰਦੇ ਹੀ,
ਕੋਈ ਸਾਰਾ ਹਿੰਦੋਸਤਾਨ ਨਹੀਂ
ਤੁਸੀਂ ਮੁੱਖ ਮੰਤਰੀ ਐਮ.ਐਲ.ਏ.,
ਤੁਸੀਂ ਮੋਹਰੀ ਜੋ ਸਰਕਾਰਾ ਦੇ
ਥੋੜੇ ਆਲੂ ਗੋਭੀ ਦੇ ਵਾਂਗੂ,
ਭਾਅ ਲੱਗਦੇ ਵਿਚ ਬਾਜ਼ਾਰਾਂ ਦੇ
ਤੁਸੀਂ ਦਲਬਦਲੂ ਤੁਸੀਂ ਨਿਯਮਹੀਣ,
ਹੱਥ-ਠੋਕੇ ਪੂੰਜੀਦਾਰਾਂ ਦੇ
ਤੁਸੀਂ ਫੇਰ ਵੀ ਦੇਸ਼ ਪ੍ਰੇਮੀ ਹੋ,
ਤੁਸੀਂ ਪਾਲਣਹਾਰ ਗਦਾਰਾਂ ਦੇ

ਹਿੰਦ ਦੇ ਇਤਿਹਾਸ ਦੇ ਪੰਨਿਆਂ ਤੇ
ਥੋਤੋਂ ਵੱਡਾ ਕੋਈ ਸ਼ੈਤਾਨ ਨਹੀਂ
ਐ ਜੰਗਲ ਯੁਗ ਦੇ ਜਾਂਗਲੀਓ,
ਤੁਸੀਂ ਸਾਰਾ ਹਿੰਦੁਸਤਾਨ ਨਹੀਂ
ਤੁਸੀਂ ਗਰਜ਼ ਆਪਣੀ ਪਾਲਣ ਲਈ,
ਜੁਰਮਾਂ ਨੂੰ ਪੱਠੇ ਪਾਉਂਦੇ ਹੋ
ਖੁਦ ਚੁੱਕ ਸਾਧਾਰਨ ਬੰਦੇ ਨੂੰ
ਇਕ ਭਿੰਡਰਾਂਵਾਲਾ ਬਣਾਉਂਦੇ ਹੋ
ਫੇਰ ਉਸਨੂੰ ਕਾਬੂ ਕਰਨੇ ਲਈ,
ਸੈਂਕੜੇ ਹੀ ਮਾਰ ਮੁਕਾਉਂਦੇ ਹੋ
ਕਰ ਅੱਤ ਦਾ ਜਬਰ ਮਾਸੂਮਾਂ ਤੇ
ਅੱਤਵਾਦੀ ਖੁਦ ਬਣਾਉਂਦੇ ਹੋ
ਤੁਸੀਂ ਤੋੜੋ ਖੁਦ ਕਾਨੂੰਨਾਂ ਨੂੰ,
ਤੁਸੀਂ ਖੁਦ ਮੰਨਦੇ ਸੰਵਿਧਾਨ ਨਹੀਂ
ਤੁਸੀਂ ਨਾਦਰ ਬਾਬਰ ਦੇ ਬੇਟੇ
ਕੋਈ ਸਾਰਾ ਹਿੰਦੁਸਤਾਨ ਨਹੀਂ
ਬਿਨ ਕੁੱਲੀ ਗੁੱਲੀ ਜੁੱਲੀ ਦੇ,
ਲਾਏ ਬੁੱਤਾ ਹਿੰਦੁਸਤਾਨ ਹੀ ਹੈ
ਕਿਰਤ ਕਰੇਂਦਾ ਵੀ ਭੁੱਖਾ;
ਜੋ ਸੁੱਤਾ ਹਿੰਦੁਸਤਾਨ ਹੀ ਹੈ
ਇਹ ਥੁੜਾਂ ਮੁਜ਼ਾਹਰੇ ਹੜਤਾਲਾਂ,
ਇਹ ਗੁੱਸਾ ਹਿੰਦੁਸਤਾਨ ਹੀ ਹੈ
ਲੁੱਟ ਜਬਰ ਵਿਰੁੱਧ ਜੋ ਤਣਿਆ ਹੈ,
ਉਹ ਮੁੱਕਾ ਹਿੰਦੁਸਤਾਨ ਹੀ ਹੈ
ਕੀ ਹਸਤੀ ਰਹਿ ਜਾਏ ਭਾਰਤ ਦੀ,
ਜੇਕਰ ਮਜ਼ਦੂਰ ਕਿਸਾਨ ਨਹੀਂ
ਤੁਸੀਂ ਹੱਕ ਪਰਾਇਆ ਖਾਣ ਵਾਲੇ ਹੀ
ਸਾਰਾ ਹਿੰਦੋਸਤਾਨ ਨਹੀਂ

ਸੁਖਪਾਲ—ਮੇਰੇ ਦੇਸ਼ ਦੇ ਹਾਕਮ

ਇੰਗਲੈਂਡ ਦੇ ਕਵੀਆਂ ਦੇ ਸੰਗ੍ਰਹਿ 'ਲੋਕ ਸੱਥ' ਵਾਕੁਨ 'ਜੰਗਲ ਦੇ ਵਿਰੁੱਧ' ਸੰਗ੍ਰਹਿ ਇਕ ਇਤਿਹਾਸਕ ਕੀਮਤ ਰੱਖਦਾ ਹੈ। ਇਸ ਸੰਗ੍ਰਹਿ ਦੀ ਹਰ ਕਵਿਤਾ ਉਸ ਜੰਗਲ ਦੇ ਰਾਜ ਦੇ ਵਿਰੁੱਧ ਇਕ ਆਵਾਜ਼ ਹੈ, ਜੋ ਇਸ ਵੇਲੇ ਭਾਰਤ ਵਿਚ ਚਲ ਰਿਹਾ ਹੈ, ਪਲਸ ਮੰਚ ਨੇ ਇ ਸੰਗ੍ਰਹਿ ਨੂੰ ਛਾਪ ਕੇ ਜਮਹੂਰੀ ਸਭਿਆਚਾਰ ਦੇ ਵਾਧੇ ਲਈ ਉਸ ਕੰਮ ਨੂੰ ਪੂਰਾ ਕੀਤਾ ਹੈ, ਜਿਸਦਾ ਜ਼ਿਕਰ ਪਲਸ ਮੰਚ ਦੇ ਐਲਾਨਨਾਮਾ ਵਿਚ ਜ਼ੋਰ ਨਾਲ ਕੀਤਾ ਗਿਆ ਹੈ।

—ਗੁਰਸ਼ਰਨ ਸਿੰਘ

---

ਨਾਟਕ /

## ਰਾਤ ਦੇ ਹਨੇਰੇ ਵਿਚ

ਗੁਰਸ਼ਰਨ ਸਿੰਘ

ਪਾਤਰ : 1, 2, 3, 4 (ਜੋ ਕੋਰਸ ਦੀ ਭੂਮਿਕਾ ਨਿਭਾਂਦੇ ਹਨ)। ਇਨਸਪੈਕਟਰ, ਹੌਲਦਾਰ, ਮੰਤਰੀ, ਠੇਕੇਦਾਰ, ਕਵੀ ਲੜਕਾ ਅਤੇ ਹਜੂਮ ਦੇ ਲੋਕ। (ਨਾਟਕ ਕਰਨ ਦੀ ਵਿਉਂਤ ਇਸ ਤਰਾਂ ਕਿ ਰੋਸ਼ਨੀ ਦੇ ਦੋ ਦਾਇਰੇ ਹਨ। ਇਕ ਦਾਇਰੇ ਵਿਚ ਕੋਰਸ ਵਿਚਰਦਾ ਹੈ ਅਤੇ ਦੂਜੇ ਦਾਇਰੇ ਵਿਚ ਨਾਟਕ ਦਾ ਕਾਰਜ ਹੁੰਦਾ ਹੈ। ਜੇਕਰ ਰੋਸ਼ਨੀ ਦਾ ਇੰਤਜ਼ਾਮ ਨਾ ਹੋ ਸਕੇ ਤਾਂ ਕੋਰਸ ਪਿਠ ਕਰਕੇ ਖਲੋਤਾ ਰਹਿ ਸਕਦਾ ਹੈ ਤੇ ਕਾਰਜ ਵੇਲੇ ਦਰਸ਼ਕਾਂ ਨੂੰ ਸੰਬੋਧਨ ਹੋ ਸਕਦਾ ਹੈ। ਨਾਟਕ ਸ਼ੁਰੂ ਹੋਣ ਤੇ ਰੋਸ਼ਨੀ ਕੋਰਸ ਦੇ ਦਾਇਰੇ ਤੇ ਪੈਂਦੀ ਹੈ। ਨੁੱਕਰ ਨਾਟਕ ਦੀ ਤਕਨੀਕ ਵਿਚ ਇਹ ਨਾਟਕ 6 ਪਾਤਰਾਂ ਵਿਚ ਹੋ ਸਕਦਾ ਹੈ। ਪਾਤਰ ਘੁੰਮਦੇ ਘੁੰਮਦੇ ਵੱਖ ਵੱਖ ਰੂਪ ਧਾਰ ਲੈਂਦੇ ਹਨ।

1 : ਯਾਰ ਇਹ ਤਾਂ ਬੜੀ ਅਜੀਬ ਗੱਲ ਹੋਈ ਏ।

2 : ਤੇਰੇ ਲਈ ਤਾਂ ਹਰ ਇਕ ਗੱਲ ਅਜੀਬ ਹੁੰਦੀ ਏ।

3 : ਸ਼ਾਹੀ ਬਿਲਡਿੰਗ ਵਾਲੀ ਔਰਤ ਦਾ ਰਾਤੀਂ ਕਤਲ ਹੋ ਗਿਆ।

4 : ਸਵੇਰੇ ਵੇਖਿਆ ਗਿਆ ਤਾਂ ਲਹੂ ਦਾ ਛੱਪੜ ਲਗਿਆ ਸੀ।

1 : ਇਕ ਚੀਖ਼ ਦੀ ਆਵਾਜ਼ ਮੈਂ ਵੀ ਸੁਣੀ ਸੀ।

2 : ਹੁਣ ਪੁਲਸ ਆਂਦੀ ਖਲੋਤੀ ਏ।

3 : ਜਿਹੜੀ ਦੂਜਿਆਂ ਨੂੰ ਕਤਲ ਕਰਦੀ ਸੀ, ਉਹ ਆਪ ਕਤਲ ਹੋ ਗਈ।

4 : ਪਰ ਇਹਦੀ ਵਜ੍ਹਾ ਕੀ ਹੋ ਸਕਦੀ ਏ ?

1: ਉਹਦੇ ਆਸ਼ਕਾਂ ਦੀ ਆਪਸੀ ਦੁਸ਼ਮਣੀ, ਹੋਰ ਕੀ ?

2 : ਆਸ਼ਕ ਵੀ ਉਹਦੇ ਥੋੜ੍ਹੇ ਨਹੀਂ ਸਨ।

3 : ਇਕ ਤੇ ਭਾਈ ਸਾਹਬ ਇਥੇ ਖਲੋਤੇ ਨੇ।

4: ਅਸੀਂ ਤਾਂ ਯਾਰ ਦੂਰੋਂ ਹੀ ਨਜ਼ਾਰੇ ਲੈਣ ਵਾਲੇ ਸਾਂ।

1: ਆਹੋ ਇਹੋ ਜਿਹਾਂ ਨੂੰ ਉਹ ਨੇੜੇ ਆਉਣ ਦੇਂਦੀ ਸੀ ?

4: ਨਾ ਤੇਰਾ ਆਪਣੇ ਬਾਰੇ ਕੀ ਖਿਆਲ ਏ ?

1 : ਅਸੀਂ ਤਾਂ ਆਪਣੇ ਬਾਰੇ ਕਦੀ ਖਿਆਲ ਬਣਾਇਆ ਹੀ ਨਹੀਂ।

2 : ਆਹੋ ਇਹ ਬਗ਼ੈਰ ਖਿਆਲ ਦੇ ਹੀ ਤੁਰੇ ਫਿਰਦੇ ਨੇ।

3 : ਪਰ ਅਸੀਂ ਤਾਂ ਗੱਲ ਆਸ਼ਕਾਂ ਦੀ ਕਰ ਰਹੇ ਸਾਂ। ਕੱਲ ਉਹ ਕਾਲੀ ਕਾਰ ਤਾਂ ਸ਼ਾਮ ਦੀ ਹੀ ਬੂਹੇ ਤੇ ਖਲੋਤੀ ਸੀ।

4 : ਕਹਿੰਦੇ ਨੇ ਕਿਸੇ ਵੱਡੇ ਅਫ਼ਸਰ ਦੀ ਏ।

1 : ਪਰ ਮੈਂ ਤਾਂ ਸੁਣਿਐ, ਕਿਸੇ ਮੰਤਰੀ ਦੀ ਏ।

2 : ਦੇਖਿਆ ਹਾਲੀ ਤਕ ਕਿਸੇ ਨੇ ਨਹੀਂ, ਕਾਰ ਵਿਚੋਂ ਬੰਦਾ ਨਿਕਲਦਾ, ਤੇਜ਼ੀ ਨਾਲ ਤੁਰਦਾ, ਹਨੇਰੇ ਵਿਚ ਗਾਇਬ ਹੋ ਜਾਂਦਾ ਹੈ।

3, ਪਰ ਇਕ ਥੈਲਾ ਲਟਕਾਈ ਕਵੀ ਵੀ ਅੰਦਰ ਜਾਂਦਾ ਆਮ ਹੀ ਵੇਖਿਆ ਗਿਆ ਏ।

4. ਤਾਂ ਤੇਰਾ ਕੀ ਖਿਆਲ ਏ, ਇਹ ਕਤਲ ਉਸ ਕਵੀ ਨੇ ਕੀਤਾ ਹੋਣਾ ਏਂ ?

1 : ਉਸ ਕਵੀ ਕੋਲੋਂ ਮੱਖੀ ਨਹੀਂ ਮਰਦੀ, ਤੀਵੀਂ ਕੀ ਮਰਨੀ ਏਂ ?

2 : ਆਹੋ ਤੀਵੀਂ ਨੂੰ ਮਾਰਨ ਵਾਲੇ ਉਹ ਪਹਿਲਵਾਨ ਜੋ ਖਲੋਤੇ ਨੇ।

1 : ਓਏ ਤੀਵੀਂ ਆਪਣੀ ਏ, ਉਸਨੂੰ ਕੁਟੀਏ, ਮਾਰੀਏ, ਤੈਨੂੰ ਵਿਚੋਂ ਕੀ ?

2 : ਮੈਨੂੰ ਇਕੱਲੇ ਨੂੰ ਨਹੀਂ, ਸਾਰਿਆਂ ਨੂੰ ਏ। ਸ਼ਰਾਬ ਪੀ ਕੇ ਬੰਦਾ ਤੀਵੀਂ ਨੂੰ ਕੁੱਟੀ ਜਾਏ, ਉਸ ਦੀਆਂ ਚੀਕਾਂ ਦੀ ਆਵਾਜ਼ ਸਾਰੇ ਮੁਹੱਲੇ ਵਿਚ ਜਾਏ, ਤਾਂ ਕੀ ਮੁਹੱਲੇ ਦਾ ਅਮਨ ਖਰਾਬ ਨਹੀਂ ਹੁੰਦਾ ?

1 : ਓਏ ਅਸੀਂ ਤਾਂ ਸਿਰਫ਼ ਕੁੱਟਦੇ ਹਾਂ, ਅਗਲੇ ਕਤਲ ਕਰ ਗਏ ਫੇਰ ਨਹੀਂ ਮੁਹੱਲੇ ਦਾ ਅਮਨ-ਖਰਾਬ ਹੋਇਆ ? ਗਰੀਬ ਹਾਂ, ਇਸ ਲਈ ਸਾਰੇ ਦੱਬ ਲੈਂਦੇ ਹੋ। ਸ਼ਰਾਬ ਪੀਂਦਾ ਆਂ, ਆਪਣੇ ਪੈਸਿਆਂ ਦੀ ਪੀਨਾ ਆਂ, ਕਿਸੇ ਕੋਲੋਂ ਮੰਗ ਕੇ ਨਹੀਂ ਪੀਂਦਾ। ਇਥੇ ਲੁੱਚਪੁਣਾ ਹੁੰਦਾ ਏ, ਉਹ ਨਹੀਂ ਕਿਸੇ ਨੂੰ ਦਿਸਦਾ। ਅਖੇ ਬੀਵੀ ਨੂੰ ਮਾਰਨਾ ਆਂ, ਮਾਰਨਾ ਆ ਤਾਂ ਪਿਆਰ ਵੀ ਕਰਨਾ ਆਂ। ਉਹ ਛੇ ਬੱਚਿਆਂ ਦੀ ਮਾਂ ਏ, ਸਾਰੇ ਮੇਰੇ ਨੇ, ਹੋਰ ਨਹੀਂ ਕਿਸੇ ਦੇ, ਮੇਰੇ ਪਿਆਰ ਦੀ ਨਿਸ਼ਾਨੀ। ਅਖੇ ਕਾਲੀ ਕਾਰ ਸ਼ਾਮ ਨੂੰ ਖਲੋਤੀ ਸੀ। ਨਾ ਉਹ ਰਾਜਦੂਤ ਮੋਟਰ ਸਾਈਕਲ ਵਾਲਾ ਕਿਸੇ ਨੇ ਨਹੀਂ ਵੇਖਿਆ, ਜੋ ਨੌਂ ਵਜੇ ਅੰਦਰ ਗਿਆ ਸੀ।

ਇਕੱਠੇ : ਰਾਜਦੂਤ ਮੋਟਰ ਸਾਈਕਲ ਵਾਲਾ ?

2 : ਉਹ ਗਿਆਨੀ ਖੁੱਲ੍ਹੀ ਦਾੜ੍ਹੀ ਵਾਲਾ ?

1 : ਓਏ ਖੁੱਲ੍ਹੀ ਦਾੜ੍ਹੀ ਵਾਲਾ ਗਿਆਨੀ ਹੋਵੇ ਜਾਂ ਧੋਤੀ ਵਾਲਾ ਪੰਡਤ ਹੋਵੇ, ਔਰਤ ਦੇ ਮਾਮਲੇ ਵਿਚ ਸਭ ਇਕੋ ਨੇ।

3 : ਪਰ ਕੀ ਉਹਦੇ ਆਸ਼ਕਾਂ ਵਿਚੋਂ ਸੀ ?

1 : ਆਸ਼ਕਾਂ ਵਿਚੋਂ ਸੀ ਜਾਂ ਵਿਚੋਲਿਆਂ ਵਿਚੋਂ ਸੀ, ਇਹ ਕੌਣ ਕਹਿ ਸਕਦੈ ? ਪਰ ਮੋਟਰ ਸਾਈਕਲ ਉਹਦਾ ਬਾਹਰ ਖੜਾ ਸੀ।

2 : ਹਾਂ ਯਾਰ, ਸ਼ਾਹੀ ਬਿਲਡਿੰਗ ਵਾਲੀ ਇਸ ਔਰਤ ਦਾ ਇਕ ਭਰਾ ਸੀ, ਉਹ ਹੁਣ ਬੜੇ ਦਿਨਾਂ ਤੋਂ ਨਹੀਂ ਦਿਖਿਐ ?

3 : ਲੈ ਦਿਖਿਐ ਕਿਉਂ ਨਹੀਂ, ਰਾਤੀਂ ਮੈਂ ਅੰਦਰ ਜਾਂਦਿਆਂ ਵੇਖਿਐ।

1 . ਤਾਂ ਉਹ ਵੀ ਕੱਲ ਆਇਐ ?

4 : ਕੁਝ ਪੈਸੇ ਲੈਣ ਆਇਆ ਹੋਣਾ ਏਂ। ਕਹਿੰਦੇ ਨੇ ਇਹ ਔਰਤ ਪਿਛੋਂ ਬੜੇ ਗਰੀਬ ਘਰ ਦੀ ਸੀ। ਰਘੂਨਾਥ ਸ਼ਾਹੀ ਇਸਨੂੰ ਖਰੀਦ ਕੇ ਲਿਆਇਆ ਸੀ।

2 : ਖਰੀਦ ਕੇ ਹੀ ਲਿਆਇਆ ਹੋਣਾ ਏਂ, ਨਹੀਂ ਤਾਂ 16–17 ਸਾਲ ਦੀ ਕੁੜੀ ਇਕ ਅੱਧਖੜ ਨਾਲ ਵਿਆਹ ਕਰਵਾਉਂਦੀ ਏ ?

3 : ਪਰ ਇਹ ਕਿਹੜਾ ਘਾਟੇ ਵਿਚ ਰਹੀ। ਰਘੂਨਾਥ ਤਾਂ ਦੋ ਚਾਰ ਸਾਲ ਹੀ ਜੀਵਿਆ ਤੇ ਇਹ ਬੈਠੇ ਬਿਠਾਏ ਸਾਰੀ ਜਾਇਦਾਦ ਦੀ ਮਾਲਕ ਬਣ ਗਈ।

1 : ਪਰ ਔਰਤ ਨੂੰ ਸਿਰਫ ਜਾਇਦਾਦ ਹੀ ਨਹੀਂ ਚਾਹੀਦੀ, ਸਗੋਂ ਹੋਰ ਬਹੁਤ ਕੁਝ ਚਾਹੀਦੈ।

2 : ਪੁਲਸ ਦੋ ਘੰਟੇ ਦੀ ਅੰਦਰ ਗਈ ਏ, ਹਾਲੇ ਤਕ ਬਾਹਰ ਨਹੀਂ ਆਈ।

3 : ਜਾ ਕੇ ਵੇਖ ਤਾਂ ਸਹੀ ਕੀ ਕਰ ਰਹੀ ਏ ?

2 : ਨਾ ਭਰਾ ਮੈਂ ਨਹੀਂ ਜਾਂਦਾ, ਜੇ ਮੈਨੂੰ ਉਥੇ ਬਿਠਾ ਲੈਣ ਤਾਂ ਮੈਂ ਕੀ ਕਰ ਲਵਾਂਗਾ ?

4 : ਓਏ ਨਹੀਂ ਬਿਠਾਂਦੀ, ਕਿਉਂ ਐਵੇਂ ਮੋਕ ਮਾਰੀ ਜਾਨੈ ?

2 : ਨਾ ਤੂੰ ਜਾ ਕੇ ਵੇਖ ਲੈ।

3 : ਆਹੋ ਤੂੰ ਹੀ ਜਾ, ਨਾਲੇ ਪੁਲਸ ਵਾਲੇ ਇਹਦੇ ਵਾਕਿਫ ਵੀ ਨੇ।

1 : ਕਿਉਂ ਇਹਦੇ ਮਾਮੇ ਲਗਦੇ ਨੇ ?

2 : ਨਹੀਂ ਸਹੁਰੇ ਲਗਦੇ ਨੇ, ਇਕ ਵਾਰੀ ਉਹਨਾਂ ਕੋਲ ਵੱਡੇ ਘਰ ਵੀ ਰਹਿ ਆਇਆ ਏ।

4 : ਓਏ ਸਾਲਿਓ, ਵੱਡੇ ਘਰ ਵੀ ਨਰ ਬੰਦੇ ਹੀ ਜਾਂਦੇ ਨੇ, ਹੋਰ ਤੁਹਾਡੇ ਵਰਗੀਆਂ ਦੁੱਕੀਆਂ ਤਿੱਕੀਆਂ ਤਾਂ ਨਹੀਂ ਜਾਂਦੀਆਂ।

1 : (ਅੰਦਰ ਵੱਲ ਵੇਖ ਕੇ) ਇਨਸਪੈਕਟਰ ਸਾਹਬ ਆ ਰਹੇ ਨੇ।

(ਇਨਸਪੈਕਟਰ ਤੇ ਹੌਲਦਾਰ ਆਂਦੇ ਹਨ। ਉਹ ਉਹਦੇ ਕੋਲੋਂ ਨਜ਼ਰਾਂ ਬਚਾਉਂਦੇ ਹਨ, ਇਨਸਪੈਕਟਰ ਉਹਨਾਂ ਕੋਲ ਆਉਂਦਾ ਹੈ)

ਇਨਸਪੈਕਟਰ : ਤੁਸੀਂ ਇਥੋਂ ਦੇ ਰਹਿਣ ਵਾਲੇ ਹੋ ?

1 : ਜਨਾਬ ਇਕ ਕਾਲੀ ਕਾਰ ਆਈ ਸੀ :

**DEV 2312**

2 : ਇਕ ਰਾਜਦੂਤ ਮੋਟਰ ਸਾਈਕਲ PBX 1648

3 : ਇਕ ਕਵੀ ਥੈਲਾ ਨੰਬਰ...ਨੰਬਰ ਨਹੀਂ, ਖੱਦਰ ਦੇ ਥੈਲੇ ਵਾਲਾ।

4 : ਇਕ ਭਰਾ ਆਇਆ ਸੀ, ਜੋ ਬਿਲਕੁਲ ਗਰੀਬ ਸੀ।

ਇਨਸਪੈਕਟਰ : ਮੈਨੂੰ ਸਭ ਪਤਾ ਏ।

1 : (ਝੋਲੀ ਚੁਕਦਿਆਂ ਹੋਇਆਂ) ਇਹਨਾਂ ਨੂੰ ਸਭ ਪਤਾ ਏ। ਤਜਰਬੇਕਾਰ ਬੰਦੇ ਨੇ।

2 : ਸੁੰਘ ਕੇ ਲੱਭ ਲੈਂਦੇ ਨੇ।

3 : ਪੁਲਸ ਦੀ ਅੱਖ ਤੋਂ ਕੌਣ ਛੁਪ ਸਕਦੈ ?

4 : ਟਾਇਰ ਦੇ ਨਿਸ਼ਾਨ ਤੋਂ ਲੱਭ ਲੈਂਦੇ ਨੇ ਕਿ ਮੋਟਰ ਸਾਈਕਲ ਕਿਸ ਮਾਰਕੇ ਦਾ ਏ।

ਇਨਸਪੈਕਟਰ : ਮੈਂ ਜੋ ਕੁਝ ਪੁੱਛਾਂ ਉਹੀ ਦੱਸਣਾ ਏਂ ?

ਹੌਲਦਾਰ : ਜਨਾਬ, ਇਹਨਾਂ ਪੁੱਛੇ ਬਗੈਰ ਹੀ ਸਭ ਦੱਸ ਦਿਤਾ ਏ।

ਇਨਸਪੈਕਟਰ : ਇਹਨਾਂ ਦਾ ਨਾਂ ਨੋਟ ਕਰ ਲੈ, ਇਹਨਾਂ ਦੀ ਲੋੜ ਪੈ ਸਕਦੀ ਏ।

(ਇਨਸਪੈਕਟਰ ਜਾਂਦਾ ਹੈ, 1, 2, 3, 4 ਹੌਲਦਾਰ ਦੇ ਨੇੜੇ ਆਉਂਦੇ ਹਨ)

1 : ਹੌਲਦਾਰ ਸਾਹਬ, ਕਤਲ ਕਿਸ ਵੇਲੇ ਹੋਇਆ ?

ਹੌਲਦਾਰ : ਚਾਰ ਘੰਟੇ ਪਹਿਲੇ ਹੋਇਆ।

2 : ਹੁਣ ਕੀ ਹੋਵੇਗਾ ?

ਹੌਲਦਾਰ : ਕਾਲੀ ਕਾਰ ਵਾਲੇ ਕੋਲੋਂ ਪੁਛਿਆ ਜਾਏਗਾ ਕਿ ਰਾਤ ਉਹ ਦੋ ਵਜੇ ਕਿਥੇ ਸੀ ?

3 : ਤੇ ਉਸ ਕਵੀ ਬਾਰੇ ਕੀ ਰਾਏ ਏ ?

ਹੌਲਦਾਰ : ਪੁਛਿਆ ਤਾਂ ਉਹਨੂੰ ਵੀ ਜਾਏਗਾ ਕਿ ਉਹ ਰਾਤ ਦੇ ਦੋ ਵਜੇ ਕਿਥੇ ਸੀ ?

4 : ਤੇ ਰਾਜਦੂਤ ਸਕੂਟਰ ਵਾਲੇ ਨੂੰ ਨਹੀਂ ਪੁਛਿਆ ਜਾਏਗਾ ?

ਹੌਲਦਾਰ : ਪੁਛਿਆ ਜਾਏਗਾ, ਹਰ ਇਕ ਨੂੰ ਪੁਛਿਆ ਜਾਏਗਾ, ਰਾਤ ਨੂੰ ਦੋ ਵਜੇ ਕਿਥੇ ਸਨ ?

1 : (2 ਨੂੰ ਸੰਬੋਧਨ ਕਰਕੇ) ਪੁਛਿਆ ਜਾਏਗਾ ਰਾਤ ਨੂੰ ਦੋ ਵਜੇ ਕਿਥੇ ਸਨ ?

2 : (3 ਨੂੰ ਸੰਬੋਧਨ ਕਰਕੇ) ਹਾਂ ਪੁਛਿਆ ਜਾਏਗਾ ਰਾਤ ਨੂੰ ਦੋ ਵਜੇ ਕਿਥੇ ਸਨ ?

3 : (4 ਨੂੰ ਸੰਬੋਧਨ ਕਰਕੇ) ਹਾਂ ਪੁਛਿਆ ਜਾਏਗਾ ਉਹ ਰਾਤ ਨੂੰ ਦੋ ਵਜੇ ਕਿਥੇ ਸਨ ?

4 : (ਦਰਸ਼ਕਾਂ ਨੂੰ ਸੰਬੋਧਨ ਕਰਕੇ), ਹਾਂ ਪੁਛਿਆ ਜਾਏਗਾ ਉਹ ਕਾਲੀ ਕਾਰ ਵਾਲਾ ਰਾਤ ਦੋ ਵਜੇ ਕਿਥੇ ਸੀ, ਰਾਜਦੂਤ ਮੋਟਰ ਸਾਈਕਲ ਵਾਲਾ ਕਿਥੇ ਸੀ, ਉਹ ਕਵੀ ਕਿਥੇ ਸੀ, ਉਹ ਭਰਾ ਕਿਥੇ ਸੀ ?

['ਰਾਤ ਦੋ ਵਜੇ ਉਹ ਕਿਥੇ ਸੀ' ਦੀ ਆਵਾਜ਼ ਇਕੋ ਹੋ ਰਹੀ ਹੈ, ਜਦੋਂ ਰੌਸ਼ਨੀ ਇਕ ਮੰਤਰੀ ਅਤੇ ਠੇਕੇਦਾਰ ਤੇ ਪੈਂਦੀ ਹੈ।]

ਮੰਤਰੀ : (ਘੜੀ ਵੇਖਦੇ ਹੋਏ) ਤਾਂ ਤੁਸੀਂ ਠੀਕ ਦੋ ਵਜੇ ਪੁੱਜ ਗਏ ?

ਠੇਕੇਦਾਰ : ਸਮੇਂ ਦੀ ਪਾਬੰਦੀ ਸਾਡੇ ਧੰਦੇ ਦਾ ਪਹਿਲਾ ਅਸੂਲ ਹੈ ਜਨਾਬ।

ਮੰਤਰੀ : ਬਹੁਤ ਚੰਗੀ ਗੱਲ ਹੈ। ਮੇਰੇ ਸੈਕਟਰੀ ਨੇ ਸਾਰੀ ਗੱਲ ਤੁਹਾਨੂੰ ਦਸ ਹੀ ਦਿੱਤੀ ਹੋਣੀ ਏ ?

ਠੇਕੇਦਾਰ : ਜਨਾਬ ਉਹ ਤਾਂ ਦੱਸ ਦਿੱਤੀ ਹੈ, ਪਰ ਇਹ ਤਾਂ ਜ਼ੁਲਮ ਹੈ।

ਮੰਤਰੀ : ਜ਼ੁਲਮ ਕਿਉਂ ਹੈ ? ਆਖਰ ਅਸੀਂ ਵੀ ਕਿਸੇ ਅਗੇ ਜਵਾਬਦੇਹ ਹਾਂ।

ਠੇਕੇਦਾਰ : ਪਰ ਜਨਾਬ ਪਹਿਲੇ ਐਕਸਾਈਜ਼ ਮਨਿਸਟਰ ਸਾਹਬ ਨੇ ਇਸ ਨਾਲੋਂ ਅੱਧੀ ਕੀਮਤ ਤੇ ਫੈਸਲਾ ਕੀਤਾ ਸੀ।

ਮੰਤਰੀ : ਉਹਨਾਂ ਨੇ ਅੱਧੀ ਕੀਮਤ ਤੇ ਫੈਸਲਾ ਕੀਤਾ ਸੀ ਤਾਹੀਓਂ ਤਾਂ ਉਹ ਅੱਧੇ ਵਕਤ ਵਜ਼ੀਰ ਰਹੇ। ਉਹ ਪਾਰਟੀ ਨੂੰ ਪੰਜ ਲੱਖ ਦੇ ਕੇ ਟਰਕਾਣਾ ਚਾਹੁੰਦੇ ਸਨ। ਪਾਰਟੀ ਦੀ ਲੋੜ ਹੈ ਦੱਸ ਲੱਖ।

ਠੇਕੇਦਾਰ : ਦੱਸ ਲੱਖ ?

ਮੰਤਰੀ : ਹਰ ਮਹਿਕਮੇ ਦੀ ਕੀਮਤ ਹੁੰਦੀ ਹੈ। ਇਹ ਮਹਿਕਮਾ ਅਸੀਂ ਪਾਰਟੀ ਕੋਲੋਂ ਦੱਸ ਲੱਖ ਦਾ ਖ਼ਰੀਦਿਆ ਹੈ।

ਠੇਕੇਦਾਰ : ਕੀ ਪਾਰਟੀ ਵੀ ਮਹਿਕਮੇ ਵੇਚਦੀ ਏ ?

ਮੰਤਰੀ : ਹਰ ਚੀਜ਼ ਏਥੇ ਵਿਕਦੀ ਏ, ਤੁਸੀਂ ਸ਼ਰਾਬ ਵੇਚਦੇ ਹੋ, ਪਾਰਟੀ ਮਹਿਕਮਾ ਵੇਚਦੀ ਏ।

ਠੇਕੇਦਾਰ : ਪਰ ਇਹ ਕੀਮਤ ਤਾਂ ਜਨਾਬ ਛਿੱਲ ਲਾਹੁਣ ਵਾਲੀ ਏ।

ਮੰਤਰੀ : ਵਪਾਰ ਹੈ ਹੀ ਛਿੱਲ ਲਾਹੁਣ ਦਾ ਨਾਂ, [illegible] ਸਾਡੀ ਛਿੱਲ ਲਾਹੁੰਦੀ ਏ, ਅਸੀਂ ਤੁਹਾਡੀ ਛਿੱਲ ਲਾਹੁੰਦੇ ਹਾਂ, ਤੁਸੀਂ ਅਗੋਂ ਲੋਕਾਂ ਦੀ ਛਿੱਲ ਲਾਹੁੰਦੇ ਹੋ।

ਠੇਕੇਦਾਰ : ਪਰ ਜਨਾਬ, ਸਾਡੇ ਸਾਰੇ [illegible] ਕੁਲ ਵਿਕਰੀ 27 ਲੱਖ ਤੋਂ ਵੱਧ ਨਹੀ, [illegible] ਲੱਖ .. ਮਤਲਬ ਕਿ ਸਾਡੀ ਕੁਝ ਲਾਗਤ [illegible]।

ਮੰਤਰੀ : ਕੌਣ ਕਹਿੰਦਾ ਏ ਕਿ ਤੁਸੀ [illegible]। ਗੋਲੀ ਨੂੰ ਪਾਣੀ ਵਿਚ ਘੋਲੋ, [illegible] ਜਾਂਦੀ ਏ। ਉਹ ਸ਼ਰਾਬ ਜ਼ਹਿਰ ਜ਼ਰੂਰ ਬਣ [illegible] ਉਹ ਸ਼ਰਾਬ ਤੁਸੀਂ ਨਹੀਂ ਪੀਣੀ, [illegible] ਲੋਕਾਂ ਨੇ ਪੀਣੀ ਏ ਤੇ ਲੋਕ ਹਿੰਦੁਸਤਾਨ ਦੇ [illegible] ਕਿ ਜ਼ਹਿਰ ਵੀ ਪੀਵੀ ਜਾਂਦੇ [illegible] ਨਹੀਂ ਮਰਦੇ। ਜੇ ਮਰਦੇ ਹੁੰਦੇ ਤਾਂ [illegible] ਆਬਾਦੀ

670 ਕਰੋੜ ਨਾ ਹੁੰਦੀ । 37, 38 ਸਾਲ ਥੋੜ੍ਹੀ ਜ਼ਹਿਰ ਪਿਆਈ ਏ ਉਹਨਾਂ ਨੂੰ ?

ਠੇਕੇਦਾਰ : ਪਰ ਮਹਿਕਮੇ ਦੇ ਇੰਸਪੈਕਟਰ ਕਿਸੇ ਵੇਲੇ ਵੀ ਤੰਗ ਕਰ ਸਕਦੇ ਨੇ ।

ਮੰਤਰੀ : ਉਹਨਾਂ ਦੀ ਕੀਮਤ ਵੀ ਉਹਨਾਂ ਨੂੰ ਦੇਵੋ, ਆਖਰ ਐਕਸਾਈਜ਼ ਮਹਿਕਮੇ ਦੇ ਇੰਸਪੈਕਟਰ ਨੇ ।

ਠੇਕੇਦਾਰ : ਉਹ ਆਪਣੀ ਹੀ ਨਹੀਂ, ਆਪਣੇ ਅਫਸਰਾਂ ਲਈ ਵੀ ਕੀਮਤ ਮੰਗਦੇ ਨੇ ।

ਮੰਤਰੀ : ਉਹਨਾਂ ਦੇ ਅਫਸਰਾਂ ਦੀ ਵੀ ਕੀਮਤ ਦੇਵੋ, ਆਖਰ ਐਕਸਾਈਜ਼ ਮਹਿਕਮੇ ਦੇ ਅਫਸਰ ਨੇ ।

ਠੇਕੇਦਾਰ : ਅਫਸਰ ਕਹਿੰਦੇ ਨੇ, ਉਹਨਾਂ ਨੇ ਕਮਿਸ਼ਨਰ ਸਾਹਬ ਦਾ ਵੀ ਹਿੱਸਾ ਕੱਢਣਾ ਏ ।

ਮੰਤਰੀ : ਕਮਿਸ਼ਨਰ ਸਾਹਬ ਦਾ ਵੀ ਹਿੱਸਾ ਕੱਢੋ, ਆਖਰ ਐਕਸਾਈਜ਼ ਮਹਿਕਮੇ ਦੇ ਕਮਿਸ਼ਨਰ ਨੇ ।

ਠੇਕੇਦਾਰ : ਕਮਿਸ਼ਨਰ ਸਾਹਬ ਨੇ ਅਗੋਂ ਮਨਿਸਟਰ ਸਾਹਬ ਦਾ ਵੀ ਹਿੱਸਾ ਕੱਢਣਾ ਏ ।

ਮੰਤਰੀ : ਮਨਿਸਟਰ ਸਾਹਬ ਦਾ ਵੀ ਹਿੱਸਾ ਕਢੋ, ਆਖਰ ਐਕਸਾਈਜ਼ ਮਹਿਕਮੇ ਦੇ ਮਨਿਸਟਰ ਨੇ ।

ਠੇਕੇਦਾਰ : ਪਰ ਦੱਸ ਲੱਖ......?

ਮੰਤਰੀ : ਉਹ ਦੱਸ ਲੱਖ ਤਾਂ ਪਾਰਟੀ ਦਾ ਹਿੱਸਾ ਹੈ । ਮੈਂ ਇਹ ਮਹਿਕਮਾ ਦੱਸ ਲੱਖ ਦਾ ਪਾਰਟੀ ਕੋਲੋਂ ਖ੍ਰੀਦਿਆ ਹੈ । ਇਸ ਵਿਚ ਮੇਰਾ ਕੁਝ ਨਹੀਂ, ਪਰ ਉਸ ਵਿਚ ਮੇਰਾ ਹਿੱਸਾ ਜ਼ਰੂਰ ਹੋਵੇਗਾ ਕਿਉਂਕਿ ਮੈਂ ਐਕਸਾਈਜ਼......

ਠੇਕੇਦਾਰ : ਐਕਸਾਈਜ਼ ਮਹਿਕਮੇ ਦੇ ਮਨਿਸਟਰ ਹੋ ।

ਮੰਤਰੀ : ਕਾਫ਼ੀ ਸਮਝਦਾਰ ਹੋ, ਹਰ ਇਕ ਗੱਲ ਸਮਝਦੇ ਹੋ ।

ਠੇਕੇਦਾਰ : ਪਰ ਅਸੀਂ ਇਹ ਸਾਰਾ ਕੁਝ ਕਿਥੋਂ ਕੱਢਾਂਗੇ ?

ਮੰਤਰੀ : ਲੋਕਾਂ ਕੋਲੋਂ, ਲੋਕ ਬੜੇ ਮਹਾਨ ਨੇਂ, ਤੇ ਇਨ੍ਹਾਂ ਲੋਕਾਂ ਦੇ ਸਿਰ ਤੇ ਸਾਰਾ ਹਿੰਦੁਸਤਾਨ ਚਲਦਾ ਏ, ਲੋਕਾਂ ਨੇ ਸਾਨੂੰ ਵੀ ਚੁਣਿਆ ਏ । ਅਸੀਂ ਉਨ੍ਹਾਂ ਨੂੰ ਹੱਕ ਦਿਤਾ ਏ ਕਿ ਉਹ ਸਾਨੂੰ ਚੁਣਨ।ਉਹ ਸਾਡੇ ਅਹਿਸਾਨਮੰਦ ਨੇ। ਇਹ ਹੱਕ ਆਪਣੇ ਲੋਕਾਂ ਨੂੰ ਰੂਸ ਨੇ ਨਹੀਂ ਦਿਤਾ, ਚੀਨ ਨੇ ਨਹੀਂ ਦਿਤਾ, ਪਾਕਿਸਤਾਨ ਨੇ ਨਹੀਂ ਦਿਤਾ, ਅਸੀਂ ਦਿਤਾ ਏ। ਇਸੇ ਲਈ ਲੋਕ ਸਾਨੂੰ ਵਾਰ ਵਾਰ ਚੁਣਦੇ ਨੇ । ਇਹ ਆਪਣੇ ਇਸ ਹੱਕ ਨੂੰ ਵੱਡੀ ਚੀਜ਼ ਸਮਝਦੇ ਨੇ । ਅਸੀਂ ਇਹਨਾਂ ਨੂੰ ਭੁੱਖ ਦਿੱਤੀ, ਤਾਂ ਵੀ ਇਹਨਾਂ ਸਾਨੂੰ ਚੁਣਿਆ, ਅਸੀਂ ਇਹਨਾਂ ਨੂੰ ਗਰੀਬੀ ਦਿਤੀ ਤਾਂ ਵੀ ਇਹਨਾਂ ਸਾਨੂੰ ਚੁਣਿਆ । ਅਸੀਂ ਉਹਨਾਂ ਨੂੰ ਦੁਨੀਆ ਦੀਆਂ ਕੌਮਾਂ ਦਾ 248 ਖਰਬ ਰੁਪਏ ਦਾ ਕਰਜ਼ਾਈ ਬਣਾ ਦਿਤਾ, ਉਹਨਾਂ ਸਾਨੂੰ ਫੇਰ ਵੀ ਚੁਣਿਆ । ਉਹਨਾਂ ਵਿਚ ਏਨੀਂ ਸਹਿਨਸ਼ਕਤੀ ਏ ਕਿ ਉਹ ਕਿਸੇ ਗੱਲ ਦਾ ਬੁਰਾ ਹੀ ਨਹੀਂ ਮਨਾਂਦੇ । ਸ਼ਰਾਬ ਦੀ ਬੋਤਲ ਵਿਚ ਉਹਨਾਂ ਨੂੰ ਸ਼ਰਾਬ ਪਿਆ ਦੇਵੋ, ਉਹ ਵੀ ਪੀ ਲੈਣਗੇ । ਸ਼ਰਾਬ ਦੀ ਬੋਤਲ ਵਿਚ ਰੰਗ ਵਾਲਾ ਪਾਣੀ ਪਿਆ ਦੇਵੋ, ਉਹ ਵੀ ਪੀ ਲੈਣਗੇ । ਸ਼ਰਾਬ ਦੀ ਬੋਤਲ ਵਿਚ ਗੋਲੀ ਘੋਲਕੇ ਪਿਆ ਦੇਵੋ, ਉਹ ਵੀ ਪੀਣਗੇ ਤੇ ਸ਼ਰਾਬ ਦੀ ਬੋਤਲ ਵਿਚ ਜ਼ਹਿਰ ਘੋਲ ਦੇਵੋ, ਉਹ ਵੀ ਪੀਣਗੇ । ਇਹ ਗੱਲਾਂ ਦਿਨ ਦੇ ਚਾਨਣ ਵਾਂਗ ਸੱਚ ਨੇਂ, ਪਰ ਅਸੀਂ ਇਹਨਾਂ ਨੂੰ ਦਿਨ ਦੇ ਚਾਨਣ ਵੇਲੇ ਨਹੀਂ ਦੱਸਾਂਗੇ । ਨਾ ਰਾਤ ਦੇ ਬਾਰਾਂ ਵਜੇ ਦਸਾਂਗੇ, ਕਿਉਂ ਕਿ ਬਾਰਾਂ ਵਜੇ ਅੱਧੀ ਰਾਤ ਹੁੰਦੀ ਏ । ਨਾ ਸਵੇਰੇ ਚਾਰ ਵਜੇ ਦੱਸਾਂਗੇ, ਕਿਉਂਕਿ ਚਾਰ ਵਜੇ ਦਿਨ ਚੜ੍ਹਣ ਵਾਲਾ ਹੁੰਦਾ ਏ (ਘੜੀ ਵੇਖਕੇ) ਸਿਰਫ ਰਾਤ ਦੇ ਦੋ ਵਜੇ ਹੀ ਦਸ ਸਕਦੇ ਹਾਂ, ਕਿਉਂਕਿ ਰਾਤ ਦੇ ਦੋ ਵਜੇ ਪੂਰੀ ਰਾਤ ਹੁੰਦੀ ਏ ।

ਠੇਕੇਦਾਰ : ਫੇਰ ਜਨਾਬ, ਸਾਡੇ ਲਈ ਕੀ ਹੁਕਮ ਏ ?

ਮੰਤਰੀ : ਹੁਕਮ ? ਕੀ ਹਾਲੀ ਗੱਲ ਸਾਫ ਨਹੀਂ ਹੋਈ । ਸਾਰੀ ਰਾਤ ਰਾਮਾਇਣ ਪੜ੍ਹਦੇ ਰਹੇ ਤੇ ਪੁੱਛਦੇ ਹੋ ਕਿ ਹਨੂਮਾਨ ਕੌਣ ਸੀ ? ਹਨੂਮਾਨ ਬੜਾ ਬਹਾਦਰ ਸੀ । ਉਸਨੇ ਲੰਕਾ ਨੂੰ ਫੂਕ ਦਿੱਤਾ ਸੀ । ਕਿਉਂਕਿ ਅਸੀਂ ਵੀ ਹਨੂਮਾਨ ਦੇ ਭਗਤ ਹਾਂ । ਹਿੰਦੋਸਤਾਨ ਨੂੰ ਅੱਗ ਲਾ ਰਹੇ ਹਾਂ । ਹੁਕਮ ਇਹੀ ਹੈ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਕੱਲ ਪੂਰੇ ਇਲਾਕੇ ਦਾ ਸ਼ਰਾਬ ਦਾ ਠੇਕਾ ਤੁਹਾਨੂੰ ਹੀ ਮਿਲੇ, ਤਾਂ ਦੱਸ ਲੱਖ ਦੀ ਨਕਦ ਥੈਲੀ ਇਥੇ ਰੱਖ ਜਾਵੋ । ਤੁਸੀਂ ਸ਼ਰਾਬ ਦੀ ਬੋਤਲ ਵਿਚ ਸ਼ਰਾਬ ਵੇਚੋ, ਰੰਗ ਵਾਲਾ ਪਾਣੀ ਵੇਚੋ, ਬੂਟੀ ਵਾਲਾ ਸ਼ਰਬਤ ਵੇਚੋ ਜਾਂ ਗੋਲੀ ਵਾਲਾ ਜ਼ਹਿਰ ਵੇਚੋ, ਇਹ ਤੁਹਾਡੀ ਮਰਜ਼ੀ ਹੈ ।

[ਕੁਰਸੀ ਦੇ ਥੱਲੇ ਵੱਲ ਇਸ਼ਾਰਾ ਕਰਦਾ ਏ ਤੇ ਆਪ ਕੁਰਸੀ ਤੇ ਮੌਨ ਹੋ ਜਾਂਦਾ ਏ । ਠੇਕੇਦਾਰ ਬੋਝੇ ਵਿਚੋਂ ਥੈਲੀ ਕੱਢਣ ਦੀ ਮੁਦਰਾ ਵਿਚ ਮੌਨ ਹੁੰਦਾ ਹੈ । ਰੋਸ਼ਨੀ ਦੂਜੇ ਦਾਇਰੇ 'ਚ ਪੈਂਦੀ ਹੈ । ਹੌਲਦਾਰ ਅਤੇ ਕੋਰਸ ਉਸ ਦਾਇਰੇ ਵਿਚ ਹਨ]

1 : ਕਿਉਂ ਹੌਲਦਾਰ ਸਾਹਬ ?

ਹੌਲਦਾਰ : ਕੀ ਏ ?

2 : ਉਸ ਕੇਸ ਬਾਰੇ ਅੱਗੇ ਕੁਝ ਕਾਰਵਾਈ ਹੋਈ ?

ਹੌਲਦਾਰ : ਤੁਸੀਂ ਪੁੱਛਣ ਵਾਲੇ ਕੌਣ ਹੋ ?

3 : ਆਹੋ ਅਸੀਂ ਪੁੱਛਣ ਵਾਲੇ ਕੌਣ ਹਾਂ ?

4 · (ਲਗਾ ਕੇ) ਨਾਲੇ ਇਹਨਾਂ ਹੌਲਦਾਰਾਂ ਨੂੰ ਕੀ ਪਤਾ ?
1 : ਇਹਨਾਂ ਨੂੰ ਤਾਂ ਐਵੇਂ ਸੜਕਾਂ ਤੇ ਖੜਾ ਕਰ ਦੇਂਦੇ ਨੇ ।
2 : ਮੱਖੀ ਮੱਛਰ ਉਡਾਣ ਲਈ ।
ਹੌਲਦਾਰ : (ਤੈਸ਼ ਵਿਚ ਆ ਕੇ) ਸਾਲਿਓ, ਉਹ ਮੱਖੀ ਮੱਛਰ ਨਹੀਂ ਸੀ, ਮਨਿਸਟਰ ਸੀ ।
3 : ਮਨਿਸਟਰ ਸੀ ? ਕੌਣ ?
ਹੌਲਦਾਰ : ਕਾਲੀ ਕਾਰ ਵਾਲਾ ਹੋਰ ਕੌਣ ?
4 : ਉਹ ਇਥੇ ਕੀ ਕਰਨ ਆਂਦਾ ਸੀ ?
ਹੌਲਦਾਰ : ਮੈਂ ਕਿਉਂ ਦੱਸਾਂ, ਇਹ ਸਰਕਾਰ ਦਾ ਖੁਫੀਆ ਮਾਮਲਾ ਏ ।
1 : ਆਹੋ ਖੁਫੀਆ ਮਾਮਲੇ ਅਫਸਰ ਲੋਕ ਹੌਲਦਾਰਾਂ ਨੂੰ ਪਤਾ ਲੱਗਣ ਦੇਂਦੇ ਨੇ ।
ਹੌਲਦਾਰ : ਓਏ ਪਤਾ ਕਿਉਂ ਨਹੀਂ ਲੱਗਣ ਦੇਂਦੇ, ਸਾਨੂੰ ਸਾਰਾ ਪਤਾ ਹੁੰਦੈ ।
2 : ਫੇਰ ਉਹ ਮਨਿਸਟਰ ਇਥੇ ਕਿਉਂ ਆਂਦਾ ਸੀ ?
ਹੌਲਦਾਰ : ਰਘੂਨਾਥ ਸ਼ਾਹੀ ਉਸਦਾ ਦੋਸਤ ਸੀ ।
1 : ਅੱਛਾ ਫੇਰ ਦੋਸਤ ਦੀ ਵਿਧਵਾ ਔਰਤ ਨਾਲ ਹਮ-ਦਰਦੀ ਕਰਨ ਆਉਂਦਾ ਸੀ ?
2 : ਉਹ ਵੀ ਕਾਲੀ ਕਾਰ ਤੇ ?
3 : ਜਿਸਦੇ ਸ਼ੀਸ਼ਿਆਂ ਤੇ ਪਰਦੇ ਲੱਗੇ ਹੋਏ ਹੁੰਦੇ ਨੇ ?
4 : ਤੇ ਆਂਦਾ ਵੀ ਰਾਤ ਦੇ ਹਨੇਰੇ ਵਿਚ ਸੀ ?
ਹੌਲਦਾਰ : ਬਈ ਨੇਤਾ ਲੋਕ ਨੇ, ਜਿਸ ਵੇਲੇ ਵਿਹਲ ਮਿਲਣੀ ਸੀ, ਉਸੇ ਵੇਲੇ ਆਉਣਾ ਸੀ । ਤੁਹਾਡੇ ਵਾਕੁਨ ਵਿਹਲੇ ਥੋੜ੍ਹੇ ਨੇ ?
2 : ਜਿਸ ਵੇਲੇ ਵਿਹਲ ਮਿਲਣੀ ਸੀ, ਉਸੇ ਵੇਲੇ ਆਉਣਾ ਸੀ ।
3 : ਤੇ ਨੇਤਾ ਲੋਕਾਂ ਨੂੰ ਵਿਹਲ ਰਾਤ ਤੋਂ ਪਹਿਲਾਂ ਕਿਥੇ ਮਿਲ ਸਕਦੀ ਏ ?
4 : ਤੇ ਖਾਸ ਕਰਕੇ ਜੇ ਕਿਸੇ ਕੱਲੀਕਾਰੀ ਔਰਤ ਨੂੰ ਮਿਲਣਾ ਹੋਵੇ ।
ਬਾਕੀ ਤਿੰਨੇ (1,2,3) (ਇਕੱਠੇ) ਪਰ ਉਹ ਰਾਤੀਂ ਦੋ ਵਜੇ ਕਿਥੇ ਸੀ ?
ਹੌਲਦਾਰ : ਇਹਦੇ ਬਾਰੇ ਵੀ ਪੁੱਛ ਗਿੱਛ ਹੋਈ ਏ ।
1 : ਕੀ ?
ਹੌਲਦਾਰ : (ਫੇਰ ਆਕੜ ਕੇ) ਤੁਹਾਨੂੰ ਕਿਉਂ ਦੱਸਾਂ ? ਹਰ ਗੱਲ ਜਣੇ ਖਣੇ ਨੂੰ ਥੋੜਾ ਦੱਸੀ ਜਾ ਸਕਦੀ ਏ ?
2 : ਆਹੋ ਜਣੇ ਖਣੇ ਨੂੰ ਥੋੜਾ ਦੱਸੀ ਜਾ ਸਕਦੀ ਏ ?
3 : ਪਰ ਇਹ ਜਣਾ ਖਣਾ ਕੌਣ ਹੁੰਦਾ ਏ ?
4 : ਜਿਸ ਤਰ੍ਹਾਂ ਆਪਣੇ ਹੌਲਦਾਰ ਸਾਹਬ, ਪੁੱਛ ਗਿੱਛ ਅਫਸਰਾਂ ਨੇ ਕੀਤੀ ਹੋਣੀ ਏ ਤੇ ਜਣਾ ਖਣਾ ਹੌਲਦਾਰ ਬਾਹਰ ਖੜਾ ਕਰ ਦਿੱਤਾ ਹੋਣਾ ਏ ।
ਹੌਲਦਾਰ : ਓਏ ਨਹੀਂ ਸਾਲਿਓ, ਪੁੱਛ ਗਿੱਛ ਵੇਲੇ ਮੈਂ ਉਥੇ ਸੀ । ਮੰਤਰੀ ਜੀ ਨੇ ਦਸਿਆ ਕਿ ਅਗਲੇ ਦਿਨ ਬੱਜਟ ਪੇਸ਼ ਹੋਣਾ ਸੀ । ਸ਼ਰਾਬ ਦੇ ਠੇਕਿਆਂ ਬਾਰੇ ਨਵੀਂ ਨੀਤੀ ਦਾ ਏਲਾਨ ਹੋਣਾ ਸੀ । ਇਸ ਲਈ ਉਹ ਰਾਤ ਭਰ ਆਪਣੇ ਸਕੱਤਰਾਂ ਨਾਲ ਨੀਤੀ ਬਾਰੇ ਵਿਚਾਰ ਵਟਾਂਦਰਾ ਕਰਦੇ ਰਹੇ ।
1 : ਵਿਚਾਰ ਵਟਾਂਦਰਾ ਕਰਦੇ ਰਹੇ ?
ਹੌਲਦਾਰ . ਆਹੋ ਵਿਚਾਰ ਵਟਾਂਦਰਾ ਕਰਦੇ ਰਹੇ ਕਿ ਦੇਸ਼ ਦਾ, ਸਰਕਾਰ ਦਾ, ਲੋਕਾਂ ਦਾ ਭਲਾ ਕਿਸ ਤਰ੍ਹਾਂ ਹੋ ਸਕਦੈ ? ਪਰ ਤੁਹਾਨੂੰ ਇਹਨਾਂ ਗੱਲਾਂ ਦੀ ਸਮਝ ਨਹੀਂ ਆ ਸਕਦੀ । ਤੁਸੀਂ ਕਦੀ ਦੇਸ਼ ਬਾਰੇ, ਸਰਕਾਰ ਬਾਰੇ, ਲੋਕਾਂ ਬਾਰੇ ਸੋਚਿਐ ? ਤੁਸੀਂ ਤਾਂ ਆਪਣੇ ਬਾਰੇ ਕਦੀ ਨਹੀਂ ਸੋਚਿਆ । ਬੱਸ ਖਾ ਛੱਡਿਆ ਤੇ ਹੱਗ ਛੱਡਿਆ ।
1 : ਹਾਂ ਸਾਨੂੰ ਕੀ ਪਤਾ ਦੇਸ਼ ਬਾਰੇ ਕਿ ਇਹਦੀ ਸੱਠ ਫੀਸਦੀ ਆਬਾਦੀ ਭੁੱਖ ਮਰੀ ਪੱਧਰ ਦੇ ਥੱਲੇ ਕਿਉਂ ਜੀਂਦੀ ਏ ?
2 : ਸਾਨੂੰ ਕੀ ਪਤਾ ਦੇਸ਼ ਦੇ ਚਾਰ ਕ੍ਰੋੜ ਲੋਕ ਸੜਕਾਂ ਤੇ ਕਿਉਂ ਸੌਂਦੇ ਨੇ ? -
3 : ਸਾਨੂੰ ਕੀ ਪਤਾ ਦੇਸ਼ ਦਾ 60 ਲੱਖ ਪੜ੍ਹਿਆ ਲਿਖਿਆ ਨੌਜਵਾਨ ਬੇਰੁਜ਼ਗਾਰ ਕਿਉਂ ਏ ?
4 : ਸਾਨੂੰ ਕੀ ਪਤਾ ਕਿ ਦੇਸ਼ ਵਾਸੀ ਜਦੋਂ ਭੁੱਖ ਅਤੇ ਕੰਗਾਲੀ ਵਿਚ ਜੀਂਦੇ ਹੋਣ ਤਾਂ ਸਰਕਾਰ ਏਸ਼ਿਆਈ ਖੇਡਾਂ, ਗੁੱਟ ਨਿਰਲੇਪ ਕਾਨਫਰੰਸਾਂ ਅਤੇ ਕਾਮਨ ਵੈਲਥ ਦੇਸ਼ਾਂ ਦੇ ਸਮਾਗਮਾਂ ਵਿਚ ਕਰੋੜਾਂ ਕਿਉਂ ਖਰਚ ਕਰਦੀ ਏ ?
ਹੌਲਦਾਰ : ਓਏ ਕੀ ਹੋਇਆ ਜੇ 60 ਫੀਸਦੀ ਦੇਸ਼ਵਾਸੀ ਭੁੱਖਮਰੀ ਪੱਧਰ ਦੇ ਥੱਲੇ ਜੀਂਦੇ ਨੇ, ਪਰ ਜੀਂਦੇ ਤੇ ਨੇ, ਚਾਰ ਕਰੋੜ ਅਸਮਾਨ ਦੀ ਛੱਤ ਥੱਲੇ ਸੌਂਦੇ ਨੇ, ਪਰ ਸੌਂਦੇ ਤੇ ਨੇ, 60 ਲੱਖ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਨੇ, ਪਰ ਉਹਨਾਂ ਨੂੰ ਪੜ੍ਹਾਇਆ ਵੀ ਸਰਕਾਰ ਹੀ ਨੇ ਏ, ਇਹ ਥੋੜੀ ਗੱਲ ਏ । ਕੀ ਹੋਇਆ ਦੇਸ਼ ਵਿਚ ਭੁੱਖ ਅਤੇ ਕੰਗਾਲੀ ਏ, ਪਰ ਏਸ਼ੀਆ ਖੇਡਾਂ ਨੇ, ਗੁੱਟ ਨਿਰਲੇਪ ਕਾਨਫਰੰਸਾਂ ਨੇ, ਕਾਮੇਨ ਵੈਲਥ ਦੇਸ਼ ਦੇ ਸਮਾਗਮ ਨੇ ਦੁਨੀਆਂ ਭਰ ਵਿਚ ਦੇਸ਼ ਦਾ ਨਾਂ ਮਸ਼ਹੂਰ ਕਰ ਦਿੱਤਾ, ਇਹ ਥੋੜੀ ਗੱਲ ਏ, ਪਰ ਤੁਹਾਨੂੰ ਇਹਨਾਂ ਗੱਲਾਂ ਦਾ ਕੀ ਪਤੈ ?
1 : ਹਾਂ ਸਾਨੂੰ ਇਹਨਾਂ ਗੱਲਾਂ ਦਾ ਕਿਥੇ ਪਤੈ ? ਇਹ ਤਾਂ ਹੌਲਦਾਰ ਸਾਹਬ ਨੂੰ ਪਤਾ ਏ, ਜਿਹੜੇ ਖਾਂਦੇ ਨੇ ਪਰ...
ਹੌਲਦਾਰ : ਓਏ ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ

ਕਿ ਉਸ ਨੌਜਵਾਨ ਕਵੀ ਦੀ ਵੀ ਪੁੱਛ ਗਿੱਛ ਹੋ ਰਹੀ ਏ ਉਹ ਰਾਤ ਦੇ ਦੋ ਵਜੇ ਕਿਥੇ ਸੀ ?

2 : ਉਹ ਰਾਤ ਦੇ ਦੋ ਵਜੇ ਕਿਥੇ ਸੀ ?

3 : ਆਹੋ ਹੌਲਦਾਰ ਸਾਹਬ, ਉਹ ਰਾਤ ਦੇ ਦੋ ਵਜੇ ਕਿਥੇ ਸੀ ?

4 : ਹਾਂ ਉਹ ਕਿਥੇ ਸੀ ?

[ਕੋਰਸ ਦੇ ਚਾਰਾਂ ਪਾਤਰਾਂ ਨੇ ਇਹ ਸਵਾਲ ਇਸ ਤਰ੍ਹਾਂ ਪੁੱਛਣਾ ਹੈ ਕਿ ਗੱਲ ਉਤੇ ਦੀ ਉਤੇ ਜਾਂਦੀ ਹੈ। ਰੌਸ਼ਨੀ ਹੁਣ ਦੂਜੇ ਦਾਇਰੇ ਵਿਚ ਪੈਂਦੀ ਹੈ। ਮਜ਼ਦੂਰਾਂ ਦੀ ਟੋਲੀ ਬੈਠੀ ਹੈ। ਢੋਲਕ ਖੜਕ ਰਹੀ ਹੈ—ਕਵੀ ਗੀਤ ਦੀ ਅਗਵਾਈ ਕਰ ਰਿਹਾ ਹੈ]

ਕਵੀ : (ਗੀਤ ਗਾਂਦਾ ਹੈ)

ਊਂਚਾ ਊਂਚਾ ਮਹਿਲ ਬਣਾਏ ਪੂੰਜੀਪਤੀਆ,
ਗਰੀਬਵਾ ਕਾ ਰੋਟੀ ਚੁਰਾਏ ਪੂੰਜੀਪਤੀਆ
ਅਪਣੇ ਮਹਿਲ ਮੇਂ ਕਰੇ ਵੋਹ ਉੱਜਲਵਾ,
ਬਿਜਰੀ ਕੇ ਬੱਤੀਆਂ ਜਗਾਏ......
ਮਿਲਵਾ ਮੇਂ ਖੂਨ ਜਰੇ, ਖੇਤ ਮੇਂ ਪਸੀਨਵਾ,
ਤਬਹੂੰ ਨਾ ਮਿਲੇ ਹਮੇ ਪੇਟ ਭਰ ਦਨਵਾ
ਅਪਣੀ ਗੋਦਮੀਆ ਤੂ ਹੀ ਤੋ ਭਰੇਵਾਇਆ,
ਬੜੇ ਬੜੇ ਬੋਰੇ ਸਿਆਏ...ਪੂੰਜੀਪਤੀਆ

1 : ਕਵੀ ਭਾਈ ਤੂੰਨੇ ਹਮਾਰੀ ਦੁਖਤੀ ਰਗ ਕੋ ਛੇੜਾ

2 : ਮਿਲ ਮੇਂ ਹਮਾਰਾ ਖੂਨ ਜਰੇ, ਖੇਤ ਮੇਂ ਪਸੀਨਵਾ

3 : ਫਿਰ ਭੀ ਨਾ ਮਿਲੇ ਪੇਟ ਭਰ ਦਨਵਾ

4 : ਊਂਚਾ ਊਂਚਾ ਮਹਿਲ ਬਣਾਏ ਪੂੰਜੀਪਤੀਆ

ਕਵੀ। ਮੇਰੇ ਦੋਸਤੋ, ਮੈਨੇ ਦੁਖਤੀ ਹੂਈ ਰਗ ਕੋ ਨਹੀਂ ਛੇੜਾ, ਜ਼ਿੰਦਗੀ ਕੀ ਅਸਲੀਅਤ ਕੋ ਗਾਇਆ ਹੈ।

1 : ਕਵੀ ਭਾਈ, ਤੁਮ ਤੋ ਬਹੁਤ ਕਿਤਾਬੇਂ ਪੜ੍ਹਾ ਹੈ। ਕਿਆ ਬਾਕੀ ਦੁਨੀਆ ਮੇਂ ਭੀ ਯਹੀ ਹਾਲਤ ਹੈ, ਜੋ ਅਪਨੇ ਦੇਸ਼ ਮੇਂ ਹੈ ?

2 : ਕਿਆ ਵਹਾਂ ਭੀ ਮਜ਼ਦੂਰੀ ਕੋਈ ਕਰੇ ਹੈ, ਔਰ ਖਾਏ ਕੋਈ ਹੈ ?

3 : ਕਿਆ ਵਹਾਂ ਭੀ ਜੋ ਮਿੱਟੀ ਸੇ ਮਿੱਟੀ ਹੋਕਰ ਧਾਨ ਪੈਦਾ ਕਰੇ, ਵੋਹ ਫਿਰ ਮੁੱਠੀ ਭਰ ਚਾਵਲ ਕੇ ਲੀਏ ਹੱਥ ਫੈਲਾਵੇ ਹੈ ?

4 : ਕਿਆ ਵਹਾਂ ਭੀ ਜਵਾਨ ਬੇਟੀਆਂ ਆਪਣੇ ਆਪਕੋ ਬੁੱਢੇ ਖੋਸਟੋਂ ਕੇ ਆਗੇ ਬੇਚ ਦੇਤੀ ਹੈਂ ਤਾਂ ਜੋ ਉਨਕੇ ਛੋਟੇ ਭੈਣ ਭਾਈਓਂ ਕੋ ਪੇਟ ਭਰਕੇ ਖਾਨਾ ਮਿਲ ਸਕੇ ? ਬਤਾਓ ਕਵੀ ਭਾਈ ਬਤਾਓ।

ਕਵੀ : ਜਹਾਂ ਜਹਾਂ ਭੀ ਪੂੰਜੀਪਤੀਓਂ ਕਾ ਸਮਾਜ ਹੈ, ਵਹਾਂ ਐਸਾ ਹੈ ਚਲਤਾ ਹੈ, ਮੇਰੇ ਭਾਈਓ, ਮਗਰ ਸਾਰੀ ਦੁਨੀਆ ਮੇਂ ਨਹੀਂ। ਬਹੁਤ ਜਗ੍ਹੋਂ ਪਰ ਮਜ਼ਦੂਰ ਲੋਗਨ ਨੇ ਆਪਣੇ ਪੱਖ ਕਾ ਦਸਤੂਰ ਬਣਾ ਲੀਆ ਹੈ। ਔਰ ਬਹੁਤ ਜਗ੍ਹੋਂ ਪਰ ਲੋਗ ਇਸਕੇ ਲਈ ਸੰਘਰਸ਼ ਕਰ ਰਹੇ ਹੈਂ। ਜੋ ਗੀਤ ਮੈਨੇ ਗਾਇਆ ਹੈ, ਸਾਰੀ ਦੁਨੀਆ ਕੇ ਮੇਹਨਤਕਸ਼ ਲੋਗ ਐਸੇ ਗੀਤ ਬੋਲੇ ਹੈਂ। ਤੁਮ੍ਹੇ ਦੱਖਣੀ ਅਮਰੀਕਾ ਕੇ ਕਾਲੇ ਲੋਗੋਂ ਕਾ ਇਕ ਗੀਤ ਸੁਨਾਤੇ ਹੈਂ :

ਹਰ ਇਕ ਕੋ ਜੀਨੇ ਕਾ ਹੱਕ ਹੈ ਕਿ ਵੋਹ ਜੀਏ,
ਹਮ ਜੀਨਾ ਚਾਹਤੇ ਹੈਂ।
ਹਮ ਨੇ ਇਸ ਧਰਤੀ ਮੇਂ ਅਨਾਜ ਕੋ ਬੀਜਾ,
ਇਸ ਧਰਤੀ ਮੇਂ ਤੇਲ ਕੇ ਕੂਏ ਖੋਦੇ
ਇਸ ਧਰਤੀ ਪਰ ਜੋ ਕੁਛ ਭੀ ਖੜਾ ਹੈ,
ਹਮਾਰੀ ਮੇਹਨਤ ਪਰ ਖੜਾ ਹੈ
ਹਮ ਅਪਨੇ ਹਿੱਸੇ ਕੀ ਚਾਂਦੀ ਮਾਂਗਤੇ ਹੈਂ,
ਹਮ ਅਪਨੇ ਹਿੱਸੇ ਕਾ ਸੋਨਾ ਮਾਂਗਤੇ ਹੈ
ਹਮ ਅਪਨੇ ਹਿੱਸੇ ਕਾ ਇਨਸਾਫ ਮਾਂਗਤੇ ਹੈਂ,
ਹਮਾਰਾ ਭੀ ਜੀਨੇ ਕਾ ਹੱਕ ਹੈ
ਹਮ ਵੋਹ ਹੱਕ ਮਾਂਗਤੇ ਹੈਂ,
ਹਮ ਜੀਨਾ ਮਾਂਗਤੇ ਹੈਂ,
ਹਰ ਇਕ ਕਾ ਜੀਨੇ ਕਾ ਹੱਕ ਹੈ,
ਹਮ ਵੋਹ ਹੱਕ ਮਾਂਗਤੇ ਹੈ।

ਮਜ਼ਦੂਰਾਂ ਦੀ ਭੀੜ ਵਿਚੋਂ ਇਕ ਬੁੱਢਾ ਭਾਵੁਕ ਹੋ ਕੇ : ਹਾਂ ਮੈਂ ਜੀਣ ਦਾ ਹੱਕ ਮੰਗਦਾ ਹਾਂ, ਆਪਣੇ ਲਈ, ਆਪਣੀ ਧੀ ਲਈ......ਹਾਂ ਹਾਂ ਮੈਂ ਉਸਨੂੰ ਨਹੀਂ ਵੇਚਿਆ, ਉਹ ਆਪ ਹੀ ਵਿਕ ਗਈ, ਮੇਰੇ ਲਈ, ਆਪਣੀ ਮਾਂ ਲਈ, ਆਪਣੇ ਛੋਟੇ ਭਰਾ ਦੇ ਲਈ।

[ਇਸ ਤਰ੍ਹਾਂ ਕਹਿੰਦਾ ਕਹਿੰਦਾ ਉਹ ਬਾਹਰ ਚਲਾ ਜਾਂਦਾ ਹੈ]

1 : ਬਹੁਤ ਦੁਖੀ ਹੈ ਬੇਚਾਰਾ।

2 : ਅਪਨੀ ਬੇਟੀ ਕੋ ਬਹੁਤ ਯਾਦ ਕਰਤਾ ਹੈ, ਮਗਰ ਉਸੇ ਮਿਲਤਾ ਨਹੀਂ।

3 : ਇਸੀ ਸ਼ਹਿਰ ਮੇਂ ਹੈ, ਕਿਸੀ ਸੇਠ ਨੇ ਉਸੇ ਖ੍ਰੀਦਾ ਥਾ

4 : ਸ਼ਾਦੀ ਰਚਾਈ ਥੀ, ਸੇਠ ਮਰ ਗਿਆ, ਔਰ ਵੋਹ ਜਵਾਂ ਉਮਰ ਮੇਂ ਵਿਧਵਾ ਹੋ ਗਈ।

ਕਵੀ : (ਇਕ ਦਮ ਭਾਵੁਕ ਹੋ ਕੇ) ਜਿਸੇ ਸੇਠ ਨੇ ਖ੍ਰੀਦਾ ਥਾ, ਜੋ ਜਵਾਂ ਉਮਰ ਮੇਂ ਵਿਧਵਾ ਹੋ ਗਈ।

1 : ਕਿਆ ਹੂਆ ਕਵੀ ਭਾਈ।

ਕਵੀ : (ਸੰਭਲਦੇ ਹੋਏ) ਕੁਝ ਨਹੀਂ...ਦੇਖੋ ਅਬ ਤੋ ਰਾਤ ਕਿਤਨੀ ਬੀਤ ਗਈ ਹੈ ਅਬ ਤੋ ਸੁਬ੍ਹਾ ਹੋਨੇ ਵਾਲੀ ਹੈ।

2 : ਹਮਾਰੀ ਦੁਨੀਆ ਮੇਂ ਸੁਬ੍ਹਾ ਕਬ ਹੋਗੀ ?

ਕਵੀ : ਹੋਗੀ ਜ਼ਰੂਰ ਹੋਗੀ। (ਫਿਰ ਇਕ ਸ਼ੇਅਰ ਗੁਣ—

ਗੁਣਾਂਦਾ ਹੈ)
ਕਿਆ ਡਰ ਹੈ, ਜੋ ਨੂਰ ਕੀ ਚਾਹਤ ਮੇਂ
ਹਮਕੋ ਭੀ ਸ਼ਬਿ ਗ਼ਮ ਖਾ ਜਾਏ
ਕੁਛ ਲੋਗ ਤੋ ਐਸੇ ਭੀ ਹੋਂਗੇ,
ਜੋ ਸੁਬਹਿ ਦਰਖਸ਼ਾਂ ਦੇਖੇਂਗੇ ।

ਕੀ ਹੋਇਆ ਜੇ ਸਵੇਰ ਦੀ ਚਾਹਤ ਵਿਚ
ਸਾਨੂੰ ਗਮ ਦਾ ਹਨੇਰਾ ਖਾ ਜਾਏ
ਪਰ ਕੁਝ ਲੋਕ ਤਾਂ ਐਸੇ ਜ਼ਰੂਰ ਹੋਣਗੇ,
ਜੋ ਚਮਕਦੀ ਸਵੇਰ ਵੇਖਣਗੇ । (ਹੌਲ ਹੌਲੇ ਰੌਸ਼ਨੀ ਮਧਮ ਹੁੰਦੀ ਹੈ)

[ਰੌਸ਼ਨੀ ਹੋਣ ਦੇ ਬਾਅਦ, ਹੌਲਦਾਰ ਕਵੀ ਵਾਲਾ ਸ਼ੇਅਰ ਗੁਣਗੁਣਾ ਰਿਹਾ ਹੈ, 1,2,3 ਅਤੇ 4 ਉਹਨੂੰ ਸੰਬੋਧਨ ਕਰਦੇ ਹਨ]

**1,2,3,4** : ਜੈ ਹਿੰਦ ਹੌਲਦਾਰ ਸਾਹਿਬ

ਹੌਲਦਾਰ : ਜੈ ਹਿੰਦ, ਜੈ ਹਿੰਦ, ਜੈ ਹਿੰਦ ਦੋਸਤੋ

1 : ਹੌਲਦਾਰ ਸਾਹਿਬ, ਅੱਜ ਤਾਂ ਸੂਰਜ ਪੱਛਮ ਵਿਚੋਂ ਨਿਕਲੇਗਾ ।

2 : ਤੇ ਪੂਰਬ ਵੱਲ ਡੁੱਬੇਗਾ

3 : ਚੂਹਾ ਬਿੱਲੀ ਤੇ ਝੱਪਟੇਗਾ

4 : ਪਾਣੀ ਥਲਿਓਂ ਉਤੇ ਵੱਲ ਵਗੇਗਾ

ਹੌਲਦਾਰ : ਕਿਉਂ ਬਈ ਇਹੋ ਜਿਹੀ ਕੀ ਗੱਲ ਏ ?

1 : ਹੌਲਦਾਰ ਸਾਹਿਬ ਤੁਸੀਂ ਗਾ ਰਹੇ ਸੀ

2 : ਇਕ ਗੀਤ ਗੁਣਗੁਣਾ ਰਹੇ ਸੀ

3 : ਤੇ ਗੀਤ ਵੀ ਕਿਸੇ ਛਮਕਛੱਲੋ ਦਾ ਨਹੀਂ

4 : ਸਗੋਂ ਕਿਸੇ ਸਵੇਰ ਦਾ

1 : ਜੋ ਪੁਲਸ ਦਾ ਬੰਦਾ ਕੋਈ ਗੀਤ ਗਾਵੇ

2 : ਤਾਂ ਸੂਰਜ ਪੱਛਮ ਵੱਲੋਂ ਨਿਕਲਣਾ ਹੀ ਹੋਇਆ ।

3 : ਤੇ ਗੀਤ ਵੀ ਰਾਤਾਂ ਦੇ ਹਨੇਰੇ ਦੇ ਮੁੱਕਣ ਦਾ ।

4 : ਤਾਂ ਪਾਣੀ ਥੱਲਿਓਂ ਉਤੇ ਵੱਲ ਵਗਣਾ ਹੀ ਹੋਇਆ ।

ਹੌਲਦਾਰ : ਓਇ ਸਾਲਿਓ, ਇਹ ਗੀਤ ਮੈਂ ਨਹੀਂ, ਉਸ ਕਵੀ ਨੇ ਗਾਇਆ ਸੀ, ਜਦੋਂ ਪੁੱਛਿਆ ਗਿਆ ਕਿ ਉਹ ਰਾਤ ਦੇ ਦੋ ਵਜੇ ਕਿੱਥੇ ਸੀ ? (ਬਦਲਕੇ) ਪਰ ਤੁਸੀਂ ਕੀ ਸਮਝਦੇ ਹੋ ? ਪੁਲਸ ਵਾਲੇ ਖੋਤੇ ਹੁੰਦੇ ਨੇ ? ਉਹ ਗੀਤ ਨਹੀਂ ਗਾ ਸਕਦੇ ? ਓਏ ਉਹਨਾਂ ਦੇ ਵੀ ਦਿਲ ਹੁੰਦੇ ਨੇ, ਕਿਸੇ ਸੋਹਣੀ ਚੀਜ਼ ਨੂੰ ਵੇਖ ਕੇ ਉਹ ਵੀ ਤਾਰੀਫ ਕਰ ਸਕਦੇ ਨੇ, ਕੋਈ ਵਧੀਆ ਗੀਤ ਸੁਣਕੇ ਉਹ ਵੀ ਝੂਮ ਸਕਦੇ ਨੇ, ਪਰ ਤੁਸੀਂ ਇਹ ਨਹੀਂ ਸਮਝੋਗੇ । ਪਰ ਇਸ ਵਿਚ ਤੁਹਾਡਾ ਕੋਈ ਕਸੂਰ ਨਹੀਂ, ਇਹ ਸਾਰਾ ਕਸੂਰ ਇਸ ਖਾਕੀ ਵਰਦੀ ਦਾ ਏ । ਬੰਦਾ, ਬੰਦਾ ਹੀ ਨਹੀਂ ਰਹਿੰਦਾ, ਪਰ ਉਹ ਕਵੀ ਬੰਦਾ ਏ, ਵਧੀਆ ਇਨਸਾਨ ਏ, ਦੂਜਿਆਂ ਦੇ ਦੁੱਖ ਵੰਡਾਂਦਾ ਏ । ਰਾਤ ਦੇ ਦੋ ਵਜੇ ਲੋਕਾਂ ਨੂੰ ਸਮਝਾਂਦਾ ਏ ਕਿ ਉਹਨਾਂ ਦੀ ਖੂਨ ਪਸੀਨੇ ਦੀ ਕਮਾਈ ਕੌਣ ਲੁੱਟਦਾ ਏ ।

1 : ਪਰ ਉਹ ਰਘੂਨਾਥ ਸ਼ਾਹੀ ਦੇ ਘਰ ਕੀ ਕਰਨ ਆਉਂਦਾ ਸੀ ?

ਹੌਲਦਾਰ : ਇਹ ਹਾਲੇ ਗੁੰਝਲ ਏ, ਜਿਹੜੀ ਹੌਲੇ ਹੌਲੇ ਖੁਲ੍ਹੇਗੀ ।

2 : ਲੱਖਾਂ ਉਂਗਲਾਂ ਗੁੰਝਲਾਂ ਖੋਲ੍ਹ ਥੱਕੀਆਂ, ਤੇਰੀ ਜ਼ੁਲਫ ਦਾ ਸਿੱਧਾ ਨਾ ਵਾਲ ਹੋਇਆ ।

ਹੌਲਦਾਰ : ਓਏ ਹਰ ਇਕ ਨੂੰ ਆਪਣੇ ਵਰਗਾ ਨਾ ਸਮਝ ਲਿਆ ਕਰੋ, ਬੰਦਿਆਂ ਬੰਦਿਆਂ ਦੇ ਕਈ ਰਿਸ਼ਤੇ ਹੁੰਦੇ ਹਨ ।

3 : ਬੰਦ ਕਮਰਿਆਂ ਵਿਚ ਕਿਸੇ ਦਾ ਕੀ ਰਿਸ਼ਤਾ ਹੁੰਦਾ ਏ, ਸਾਨੂੰ ਥੋੜ੍ਹਾ ਪਤਾ ਲਗ ਸਕਦੈ ?

ਹੌਲਦਾਰ : ਹਾਂ ਨਹੀਂ ਪਤਾ ਲਗਦਾ, ਇਸ ਲਈ ਚੁੱਪ ਰਹਿਣਾ ਵੀ ਸਿਖਣਾ ਚਾਹੀਦੈ ।

4 : ਆਹੋ ਰਾਤ ਦੇ ਹਨੇਰੇ ਵਿਚ ਕੀ ਹੁੰਦਾ ਏ, ਇਹਦੇ ਬਾਰੇ ਪਤਾ ਥੋੜ੍ਹਾ ਲਗਦੈ, ਇਸ ਕਰਕੇ ਚੁੱਪ ਹੀ ਰਹਿਣਾ ਚਾਹੀਦਾ ਏ ।

ਹੌਲਦਾਰ : ਆਹੋ ਚੁੱਪ ਹੀ ਰਹਿਣਾ ਚਾਹੀਦੈ (ਬਦਲਕੇ) ਪਰ ਮੈਂ ਤਾਂ ਅੰਦਰੋਂ ਬਾਹਰ ਆਇਆ ਸਾਂ ਚਾਹ ਕਹਿਣ ਲਈ ਤੇ ਤੁਸੀਂ ਮੈਨੂੰ ਗੱਲਾਂ ਵਿਚ ਲਾ ਲਿਆ ।

1 : ਪਰ ਅੰਦਰ ਕੀ ਹੋ ਰਿਹੈ ?

ਹੌਲਦਾਰ : ਉਸ ਲੜਕੇ ਦੀ ਪੁੱਛ ਗਿੱਛ ਹੋ ਰਹੀ ਏ, ਜੋ ਮਰਨ ਵਾਲੀ ਔਰਤ ਦਾ ਭਰਾ ਸੀ ਤੇ ਉਸਨੂੰ ਉਸ ਰਾਤ ਮਿਲਿਆ ਸੀ, (ਬਦਲਕੇ) ਪਰ ਤੁਸੀਂ ਇਥੇ ਨਾ ਖਲੋਵੋ, ਇਥੇ ਖੱਲੋਣ ਦੀ ਮਨਾਹੀ ਏ ।

(ਲੋਕ ਪਹਿਲਾਂ ਇਧਰ ਉਧਰ ਹੁੰਦੇ ਨੇ, ਪਰ ਹੌਲਦਾਰ ਦੇ ਜਾਣ ਤੇ ਫੇਰ ਇਕੱਠੇ ਹੋ ਜਾਂਦੇ ਨੇ । ਕੰਨ ਲਗਾਂ ਕੇ ਸੁਣਦੇ ਨੇ, ਇੰਸਪੈਕਟਰ ਮੁੰਡੇ ਕੋਲੋਂ ਪੁੱਛਗਿੱਛ ਕਰ ਕਰ ਰਿਹਾ ਏ ।

ਇੰਸਪੈਕਟਰ : ਤਾਂ ਸ਼੍ਰੀਮਤੀ ਰਘੂਨਾਥ ਤੇਰੀ ਭੈਣ ਸੀ ?

ਲੜਕਾ : ਸ਼੍ਰੀਮਤੀ ਰਘੂਨਾਥ ਮੇਰੀ ਭੈਣ ਨਹੀਂ ਸੀ, ਸੀਤਾ ਮੇਰੀ ਭੈਣ ਸੀ, ਜਿਸਦਾ ਕਤਲ ਹੋਇਆ ਹੈ ।

ਇੰਸਪੈਕਟਰ : ਤੇ ਇਹ ਕਤਲ ਰਾਤ ਦੇ ਦੋ ਵੱਜੇ ਹੋਇਆ ਏ ।

ਲੜਕਾ : ਰਾਤ ਦੇ ਦੋ ਵਜੇ ਕਤਲ ਹੋਇਆ ? ਇੰਸ-

ਪੈਕਟਰ ਸਾਹਬ ਤੁਹਾਨੂੰ ਗਲਤੀ ਲੱਗੀ ਏ।
ਇੰਸਪੈਕਟਰ : ਕੀ ਮਤਲਬ ?
ਲੜਕਾ : ਸੀਤਾ ਦਾ ਕਤਲ ਤਾਂ ਉਸ ਰਾਤ ਹੀ ਹੋ ਗਿਆ ਸੀ, ਜਦੋਂ ਬੁੱਢੇ ਬਾਪ ਲਈ, ਬੀਮਾਰ ਮਾਂ ਲਈ, ਭਰਾ ਦੀ ਪੜ੍ਹਾਈ ਲਈ ਉਹਨੇ ਆਪਣੇ ਆਪ ਨੂੰ ਸੇਠ ਰਘੂਨਾਥ ਅੱਗੇ ਵੇਚ ਦਿਤਾ। ਉਸ ਰਾਤ ਤੋਂ ਬਾਅਦ ਉਹ ਕਿੰਨੀ ਵਾਰ ਜੀਵੀ ਤੇ ਕਿੰਨੀ ਵਾਰ ਮਰੀ ਤੇ ਹੁਣ ਤੁਸੀਂ ਕਹਿੰਦੇ ਹੋ, ਉਹਦਾ ਕਤਲ ਹੋ ਗਿਆ ਏ।
ਇੰਸਪੈਕਟਰ : ਹਾਂ ਤੇ ਇਤਲਾਹ ਮੁਤਾਬਿਕ ਉਸ ਰਾਤ ਤੂੰ ਸ਼੍ਰੀਮਤੀ ਰਘੂਨਾਥ ਨੂੰ ਮਿਲਿਆ ਸੀ।
ਲੜਕਾ : ਮੈਂ ਆਪਣੀ ਭੈਣ ਸੀਤਾ ਨੂੰ ਮਿਲਿਆ ਸੀ।
ਇੰਸਪੈਕਟਰ : ਉਥੇ ਉਸ ਵੇਲੇ ਹੋਰ ਕੌਣ ਸੀ ?
ਲੜਕਾ : ਮੇਰੇ ਸਿਵਾ ਕੋਈ ਨਹੀਂ ਸੀ, ਪਰ ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਆਉਣ ਤੋਂ ਪਹਿਲਾਂ ਉਥੇ ਜ਼ਰੂਰ ਹੋਰ ਕੋਈ ਆਇਆ ਸੀ, ਮੇਰੇ ਨਾਲ ਗੱਲਾਂ ਕਰਦੇ ਵੀ ਉਹ ਇਹ ਤਰ੍ਹਾਂ ਲਗਦੀ ਸੀ ਕਿ ਕਿਧਰੇ ਦੂਰੋਂ ਗਲਾਂ ਕਰ ਰਹੀ ਏ ਤੇ ਘੜੀ ਮੁੜੀ ਉਹ ਇਕ ਸ਼ੇਅਰ ਗੁਣ ਗੁਣਾ ਰਹੀ ਸੀ।
ਇੰਸਪੈਕਟਰ : ਕਿਹੜਾ ਸ਼ੇਅਰ ?
ਲੜਕਾ : ਕਿਆ ਡਰ ਹੈ ਜੋ ਨੂਰ ਕੀ ਚਾਹਤ ਮੇਂ
ਹਮੇਂ ਭੀ ਸ਼ਬਿ ਗ਼ਮ ਖਾ ਜਾਏ
ਕੁਛ ਲੋਗ ਤੋ ਐਸੇ ਭੀ ਹੋਂਗੇ
ਜੋ ਸੁਬਹਿ ਦਰਖ਼ਸ਼ਾਂ ਦੇਖੇਂਗੇ

ਮੈਂ ਜਦੋਂ ਸੀਤਾ ਕੋਲੋਂ ਇਸ ਸ਼ੇਅਰ ਦਾ ਮਤਲਬ ਪੁਛਿਆ ਤਾਂ ਉਹਨੇ ਮੇਰਾ ਹੱਥ ਆਪਣੇ ਹੱਥਾਂ ਵਿਚ ਲੈਕੇ ਘੁੱਟਿਆ। ਉਸ ਵੇਲੇ ਉਹਦੀਆਂ ਅੱਖਾਂ ਵਿਚ ਇਕ ਅਜੀਬ ਚਮਕ ਸੀ, ਉਹ ਨੀਝ ਲਗਾ ਕੇ ਦੂਰ ਕਿਸੇ ਚੀਜ਼ ਨੂੰ ਵੇਖ ਰਹੀ ਸੀ। ਉਹਨੇ ਮੇਰੇ ਕੰਨਾਂ ਵਿਚ ਹੌਲੇ ਜਿਹੇ ਕਿਹਾ।
ਇੰਸਪੈਕਟਰ : ਕੀ ਕਿਹਾ ?
ਲੜਕਾ : ਕੀ ਹੋਇਆ ਜੇ ਮੈਂ ਹਨੇਰੇ ਵਿਚ ਮਿਟ ਚਲੀ ਹਾਂ, ਮੇਰੇ ਵੀਰ ਤੂੰ ਤਾਂ ਇਕ ਦਿਨ ਸਵੇਰ ਜ਼ਰੂਰ ਦੇਖੇਂਗਾ।
ਇੰਸਪੈਕਟਰ : ਉਸ ਤੋਂ ਬਾਅਦ ਕੀ ਹੋਇਆ ?
ਲੜਕਾ : ਉਹਨੇ ਮੈਨੂੰ ਇਕ ਡਾਇਰੀ ਦਿਤੀ।
ਇੰਸਪੈਕਟਰ : ਡਾਇਰੀ ? ਕੀ ਸ਼੍ਰੀਮਤੀ ਰਘੂਨਾਥ ਪੜ੍ਹੀ ਹੋਈ ਸੀ।
ਲੜਕਾ : ਇੰਸਪੈਕਟਰ ਸਾਹਿਬ, ਸ਼੍ਰੀਮਤੀ ਰਘੂਨਾਥ ਨਹੀਂ, ਸੀਤਾ ਪੜ੍ਹੀ ਹੋਈ ਸੀ। ਸੀਤਾ ਨੇ ਕਦੀ ਆਪਣੇ ਆਪ ਨੂੰ ਸ਼੍ਰੀਮਤੀ ਰਘੂਨਾਥ ਸਵੀਕਾਰ ਨਹੀਂ ਕੀਤਾ ਅਤੇ ਸੱਚ ਤੇ ਇਹ ਹੈ ਕਿ ਰਘੂਨਾਥ ਨੇ ਵੀ ਕਦੀ ਉਸਨੂੰ ਆਪਣੀ ਪਤਨੀ ਨਹੀਂ ਸੀ ਮੰਨਿਆ। ਉਹ ਉਸ ਸੇਠ ਦੇ ਵੱਡੇ ਵਪਾਰ ਦੀ ਇਕ ਕੜੀ ਸੀ। ਉਹਦੇ ਵਪਾਰ ਵਧਾਉਣ ਦਾ ਇਕ ਸਾਧਨ ਸੀ ਉਹ ਵਪਾਰ ਜੋ ਸਭ ਕੁਝ ਕਾਲਾ ਸੀ, ਜਿਸ ਵਿਚ ਕੁੱਝ ਵੀ ਚਿੱਟਾ ਨਹੀਂ ਸੀ। ਪਰ ਤੁਹਾਨੂੰ ਇਹ ਸਭ ਕੁਝ ਦੱਸਣ ਦਾ ਕੀ ਫਾਇਦਾ ? ਇਸ ਸਮਾਜ ਵਿਚ ਜੋ ਕੁਝ ਵੀ ਚਿੱਟਾ ਅਤੇ ਕਾਲਾ ਹੁੰਦਾ ਹੈ, ਉਹ ਤੁਹਾਡੀ ਜਾਣਕਾਰੀ ਅਤੇ ਤੁਹਾਡੀ ਰਜ਼ਾਮੰਦੀ ਨਾਲ ਹੁੰਦਾ ਏ ਤੇ ਇਸ ਰਜ਼ਾਮੰਦੀ ਦੀ ਤੁਹਾਨੂੰ ਪੂਰੀ ਕੀਮਤ ਦਿਤੀ ਜਾਂਦੀ ਹੈ।
ਇੰਸਪੈਕਟਰ : ਇਹ ਤੂੰ ਕਿਸ ਤਰ੍ਹਾਂ ਕਹਿ ਸਕਨਾ ਏਂ ?
ਲੜਕਾ : ਮੈਂ ਨਹੀਂ (ਝੋਲੇ ਵਿਚੋਂ ਡਾਇਰੀ ਕੱਢ ਕੇ) ਇਸ ਡਾਇਰੀ ਦਾ ਇਕ ਇਕ ਵਰਕਾ ਕਹਿੰਦਾ ਹੈ,

(ਪਿੱਠ ਭੂਮੀ ਆਵਾਜ਼ ਵਿਚ)

"ਅੱਜ ਸੇਠ ਜੀ, ਇਕ ਨਵੇਂ ਗਾਹਕ ਨੂੰ ਘਰ ਲਿਆਏ। ਬੜਾ ਬੇਹੂਦਾ ਕਿਸਮ ਦਾ ਬੰਦਾ ਸੀ। ਚਿੱਟਾ ਦੁੱਧ ਖੱਦਰ ਉਸਦਾ ਲਿਬਾਸ ਸੀ। ਕਿਸੇ ਸਰਕਾਰੀ ਕੁਰਸੀ ਦਾ ਮਾਲਕ ਸੀ। ਉਸਨੂੰ ਕੁਰਸੀ ਦਾ ਨਸ਼ਾ ਸੀ, ਜਾਂ ਸ਼ਰਾਬ ਦਾ ਨਸ਼ਾ ਸੀ, ਇਹ ਮੈਂ ਨਹੀਂ ਕਹਿ ਸਕਦੀ, ਪਰ ਉਹਦੇ ਬੋਲ ਹਰ ਸ਼ਬਦ ਵਿਚੋਂ ਉਹਦੀ ਹੱਸੀ ਹਰ ਹਾਸੀ ਵਿਚੋਂ ਬੇਹੂਦਗੀ ਟਪਕ ਰਹੀ ਸੀ। ਮੇਰੇ ਵੱਲ ਵੇਖ ਕੇ ਖਚਰੀ ਹਾਸੀ ਹਸਿਆ ਤੇ ਕਹਿਣ ਲੱਗਾ 'ਰਘੂਨਾਥ ਤੈਨੂੰ ਵਪਾਰ ਕਰਨਾ ਆਉਂਦਾ ਹੈ। ਤੈਨੂੰ ਪਤਾ ਏ ਕਿ ਕਿਹੜਾ ਮਾਲ ਕਿਥੋਂ ਲੈਣਾ ਏ ਤੇ ਕਿਹੜੇ ਗਾਹਕ ਅੱਗੇ ਕਿਹੜੀ ਕੀਮਤ ਤੇ ਵੇਚਣਾ ਹੈ। ਅਸੀਂ ਤੇਰੀ ਚੋਣ ਦੀ ਦਾਦ ਦੇਂਦੇ ਹਾਂ। ਸਾਨੂੰ ਸੌਦਾ ਮਨਜ਼ੂਰ ਹੈ। ਤੈਨੂੰ ਤੇਰੀ ਕੀਮਤ ਮਿਲ ਜਾਏਗੀ।" ਮੈਨੂੰ ਪਤਾ ਲੱਗਾ ਕਿ ਉਹ ਕੀਮਤ ਇਕ ਵੱਡੇ ਠੇਕੇ ਦੀ ਸ਼ਕਲ ਵਿਚ ਸੀ, ਜਿਸਦਾ ਲੱਖਾਂ ਹੀ ਮੁਨਾਫਾ ਸੀ। ਇਸ ਤੋਂ ਬਾਅਦ ਕਾਲੇ ਪਰਦਿਆਂ ਵਾਲੀ ਕਾਰ ਵਿਚ ਆਉਣ ਵਾਲਾ ਚਿੱਟੇ ਦੁੱਧ ਵਾਲਾ ਖੱਦਰਪੋਸ਼ ਇਸ ਘਰ ਵਿਚ ਆਉਣ ਵਾਲੇ ਮਹਿਮਾਨਾਂ ਵਿਚ ਪੱਕੇ ਤੌਰ ਤੇ ਸ਼ਾਮਲ ਹੋ ਗਿਆ।

(ਰੋਸ਼ਨੀ ਮੱਧਮ ਹੁੰਦੀ ਹੈ
*1, 2, 3, 4* ਤੇ ਪੈਂਦੀ ਹੈ)

1 : ਇਹਨੂੰ ਕਹਿੰਦੇ ਨੇ ਦੇਸ਼ ਸੇਵਾ।
2 : ਸੇਵਾ ਜੋ ਮਹਾਤਮਾ ਗਾਂਧੀ ਦੇ ਕਰਦੇ ਨੇ ਨਾਮ ਲੇਵਾ।
3 : ਸੇਵਾ ਦੀ ਸੇਵਾ, ਮੇਵੇ ਦਾ ਮੇਵਾ।
4 : ਨਾ ਕੋਈ ਵਲ ਨਾ ਵਲੇਵਾਂ।
1 : ਸੁਣਿਐ ਉਚੀਆਂ ਹਵੇਲੀਆਂ ਵਿਚ ਕੀ ਹੁੰਦਾ ਹੈ ?
2 : ਇਹ ਕੋਈ ਨਵੀਂ ਗੱਲ ਤਾਂ ਨਹੀਂ।

3 : ਇਹਦੇ ਨਾਲੋਂ ਭਰਾ, ਸਾਡੀਆਂ ਨੀਵੀਆਂ ਝੁੱਗੀਆਂ ਹੀ ਚੰਗੀਆਂ।

4 : ਪਰ ਸਾਡੀਆਂ ਝੁੱਗੀਆਂ ਹੋਰ ਚੰਗੀਆਂ ਹੋ ਸਕਦੀਆਂ ਹਨ, ਜੇ ਇਹ ਹਵੇਲੀਆਂ ਥੋੜ੍ਹੀਆਂ ਜਿਹੀਆਂ ਨੀਵੀਆਂ ਹੋ ਜਾਣ।

1 : ਕੀ ਮਤਲਬ ?

4 : ਇਹਨਾਂ ਹਵੇਲੀਆਂ ਵਿਚ ਜੋ ਵੀ ਕਾਲਾ ਵਪਾਰ ਹੁੰਦਾ ਹੈ, ਸਾਨੂੰ ਸਮਝ ਲੈਣਾ ਚਾਹੀਦੈ ਕਿ ਇਹ ਸਾਡੀ ਜ਼ਿੰਦਗੀ ਦਾ ਕੁਝ ਨਾ ਕੁਝ ਚਾਨਣ ਖੋਹ ਰਿਹਾ ਹੈ। ਸਾਨੂੰ ਇਸ ਗੱਲ ਦਾ ਫਿਕਰ ਹੋਣਾ ਚਾਹੀਦੈ ਕਿ ਸਾਡਾ ਚਾਨਣ ਖੋਹਿਆ ਨਾ ਜਾਏ।

2 : ਇਸੇ ਰਘੂਨਾਥ ਨੇ ਮੰਦਰ ਦੀ ਉਸਾਰੀ ਵੇਲੇ ਹਜ਼ਾਰਾਂ ਦਾ ਦਾਨ ਦਿੱਤਾ ਸੀ ਤੇ ਅਸੀਂ ਉਹਦੇ ਪ੍ਰਭੂ ਭਗਤੀ ਦੇ ਕਿੰਨੇ ਗੁਣ ਗਾਏ ਸਨ।

4 : ਮੈਂ ਤਾਂ ਉਸ ਵੇਲੇ ਵੀ ਆਵਾਜ਼ ਉਠਾਈ ਸੀ, ਪਰ (3 ਨੂੰ ਸੰਬੋਧਨ) ਇਹ ਚੰਦਾ ਲੈਣ ਵੇਲੇ ਸਾਰਿਆਂ ਨਾਲੋਂ ਅੱਗੇ ਸੀ।

3 : ਜੇ ਸੇਠ ਕੋਲੋਂ ਚੰਦਾ ਨਾ ਲਿਆ ਜਾਂਦਾ ਤਾਂ ਮੰਦਰ ਦੀ ਉਸਾਰੀ ਕਿਸਤਰਾਂ ਮੁਕੰਮਲ ਹੁੰਦੀ।

4 : ਨਾ ਇਹੋ ਜਿਹਾ ਮੰਦਰ ਜੇਕਰ ਨਾ ਵੀ ਉਸਰਦਾ ਤਾਂ ਸਾਡੀ ਸੇਹਤ ਨੂੰ ਕੀ ਫਰਕ ਪੈਣਾ ਸੀ।

1 : ਜਿਸ ਕਾਲੇ ਵਪਾਰ ਵਿਚ ਰੋਜ਼ ਸੀਤਾ ਵਰਗੀਆਂ ਕੁੜੀਆਂ ਦਮ ਤੋੜ ਰਹੀਆਂ ਹੋਣ, ਉਸੇ ਵਪਾਰ ਤੋਂ ਕਮਾਏ ਪੈਸੇ ਨਾਲ ਜੇਕਰ ਰਾਮ ਦੇ ਮੰਦਰ ਉਸਾਰੇ ਜਾਣ ਤਾਂ ਇਸ ਤੋਂ ਵੱਡਾ ਧੋਖਾ ਹੋਰ ਕੋਈ ਨਹੀਂ।

2 : ਹੁਣ ਤੇ ਜ਼ਿੰਦਗੀ ਸਾਰੀ ਹੀ ਧੋਖਾ ਹੋ ਗਈ ਏ। ਨਿੱਕੇ ਨਿੱਕੇ ਧੋਖਿਆਂ ਤੋਂ ਸ਼ੁਰੂ ਹੁੰਦੀ ਏ, ਤੇ ਫੇਰ ਵੱਡੇ ਵੱਡੇ ਧੋਖਿਆਂ ਦਾ ਰੂਪ ਲੈ ਲੈਂਦੀ ਹੈ ਤੇ ਸਾਰਿਆਂ ਨਾਲੋਂ ਵੱਡਾ ਧੋਖਾ ਰੱਬ ਦੇ ਉਸਾਰੇ ਘਰਾਂ ਵਿਚ ਹੈ।

3 : ਤੁਸੀਂ ਤਾਂ ਯਾਰ ਨਿੱਕੀ ਜਿਹੀ ਗੱਲ ਪਕੜਕੇ ਬਹਿ ਗਏ ਹੋ। ਹੁਣ ਤੁਸੀਂ ਹੀ ਦਸੋ, ਇਹ ਜਿਹੜੇ ਸਾਰੇ ਸ਼ਾਨਦਾਰ ਮੰਦਰ, ਗੁਰਦੁਆਰੇ, ਮਸਜਿਦਾਂ, ਗਿਰਜੇ ਤਿਆਰ ਹੁੰਦੇ ਨੇ, ਗਰੀਬ ਤਾਂ ਨੀ ਬਣਾ ਸਕਦੇ, ਹਰਿਮੰਦਰ ਸਾਹਿਬ ਤੇ ਸੋਨੇ ਦੀ ਪਰਤ ਮਹਾਰਾਜਾ ਰਣਜੀਤ ਸਿੰਘ ਨੇ ਚੜ੍ਹਾਈ, ਘੋੜੇ ਦੀ ਕਾਠੀ ਨੂੰ ਆਪਣਾ ਘਰ ਮੰਨਣ ਵਾਲਿਆਂ ਸਿੰਘਾਂ ਨੇ ਨਹੀਂ ਚੜ੍ਹਾਈ।

4 : ਪਰ ਜੋ ਸਿੱਖੀ ਘੋੜੇ ਦੀ ਕਾਠੀ ਨੂੰ ਘਰ ਬਨਾਉਣ ਵਾਲਿਆਂ ਵਿਚ ਸੀ, ਉਹ ਸੋਨੇ ਦੀਆਂ ਪਰਤਾਂ ਚੜ੍ਹਾਉਣ ਵਾਲਿਆਂ ਮਹਾਰਾਜਿਆਂ ਵਿਚ ਨਹੀਂ ਸੀ– ਪਰ ਉਧਰ ਧਿਆਨ ਦੇਵੋ, ਡਾਇਰੀ ਦਾ ਦੂਸਰਾ ਵਰਕਾ ਪੜ੍ਹਿਆ ਜਾ ਰਿਹਾ ਹੈ :

ਡਾਇਰੀ ਪੜ੍ਹਨ ਦੀ ਆਵਾਜ਼—ਇਸ ਘਰ ਵਿਚ ਆਇਆਂ ਮੈਨੂੰ ਬਹੁਤ ਚਿਰ ਨਹੀਂ ਹੋਇਆ, ਹਰ ਇਕ ਦਿਨ ਕੋਈ ਨਵੇਂ ਤੋਂ ਨਵਾਂ ਤਜਰਬਾ ਹੋ ਰਿਹਾ ਏ, ਅੱਜ ਇਕ ਗਿਆਨੀ ਜੀ ਆਏ ਹਨ। ਸੇਠ ਜੀ ਨਾਲ ਉਹਨਾਂ ਕੋਈ ਸੌਦਾ ਕਰਨਾ ਹੈ। ਸੇਠ ਜੀ ਨੇ ਜਾਣ ਬੁੱਝ ਕੇ ਮੈਨੂੰ ਚਾਹ ਲਿਆਉਣ ਲਈ ਕਿਹਾ ਹੈ। ਚਾਹ ਲੈ ਕੇ ਗਈ ਹਾਂ। ਉਹ ਕਹਿਣ ਲੱਗਾ, "ਇਹ ਬੀਬੀ ਨਵੀਂ ਆਈ ਏ ?" ਉਹਦੇ ਅੰਦਾਜ਼ ਤੋਂ ਲਗਦਾ ਸੀ ਕਿ ਉਹ ਇਸ ਘਰ ਵਿਚ ਨਵੀਆਂ ਬੀਬੀਆਂ ਵੇਖਣ ਦਾ ਆਦੀ ਏ। ਇਸ ਘਰ ਵਿਚ ਉਹ ਆਮ ਆਉਣ ਵਾਲਿਆਂ ਵਿਚੋਂ ਇਕ ਏ। ਬਾਰਡਰ ਦੇ ਆਰ ਪਾਰ ਜਿਹੜਾ ਧੰਦਾ ਹੁੰਦਾ ਏ, ਉਹ ਸੇਠ ਜੀ ਦਾ ਭਾਈਵਾਲ ਏ, ਪਹਿਲੇ ਘੱਟ ਆਉਂਦਾ ਸੀ, ਹੁਣ ਆਮ ਆਉਂਦਾ ਹੈ, ਸ਼ਰਾਬ ਦੀਆਂ ਮਹਿਫਿਲਾਂ ਲਗਦੀਆਂ ਨੇ। ਸ਼ਰਾਬ ਦੀ ਮਹਿਫਿਲ ਤੋਂ ਬਾਅਦ, ਜੋ ਕੁਝ ਮੇਰੇ ਨਾਲ ਹੁੰਦਾ, ਪਹਿਲਾਂ ਪਹਿਲ ਬੜਾ ਓਪਰਾ ਸੀ, ਪਰ ਹੁਣ ਫਰਕ ਨਹੀਂ ਪੈਂਦਾ, ਸਿਰਫ ਘਿਰਣਾ ਹੁੰਦੀ ਹੈ। ਮੈਨੂੰ ਪਤਾ ਲੱਗਾ ਹੈ ਕਿ ਇਹ ਗਿਆਨੀ ਜੀ ਕਿਸੇ ਗੁਰਦੁਆਰੇ ਦੇ ਜਥੇਦਾਰ ਵੀ ਹਨ, ਪਰ ਹੁਣ ਤਾਂ ਇੰਜ ਲਗਦੈ, ਜਿਸ ਤਰ੍ਹਾਂ ਉਹਨਾਂ ਨੇ ਗੁਰਦੁਆਰਾ ਇਥੇ ਹੀ ਬਣਾ ਲਿਆ ਹੈ, ਕਿਉਂਕਿ ਉਹ ਉਸੇ ਨੇਮ ਨਾਲ ਇਥੇ ਆਉਂਦੇ ਹਨ, ਜਿਸ ਤਰ੍ਹਾਂ ਕਿਸੇ ਨੇਮ ਨਾਲ ਗੁਰ–ਦੁਆਰੇ ਜਾਂਦੇ ਹਨ। ਮੈਨੂੰ ਇਸ ਸਾਰੇ ਆਲੇ-ਦੁਆਲੇ ਨਾਲ ਘਿਰਣਾ ਹੈ। ਮੈਂ ਚਾਹੁੰਦੀ ਹਾਂ ਕਿ ਆਪਣੇ ਆਪ ਨੂੰ ਖਤਮ ਕਰ ਲਵਾਂ...ਪਰ ਕੀ ਇਸ ਤਰ੍ਹਾਂ ਮੇਰੇ ਬਾਪੂ ਨੂੰ ਰੋਟੀ ਮਿਲ ਸਕੇਗੀ ? ਮੇਰੀ ਬੀਮਾਰ ਮਾਂ ਦਾ ਇਲਾਜ ਹੋ ਸਕੇਗਾ ? ਮੇਰੇ ਛੋਟੇ ਭਰਾ ਦੀ ਪੜ੍ਹਾਈ ਪੂਰੀ ਹੋ ਸਕੇਗੀ ? ਨਹੀਂ, ਮੈਨੂੰ ਇਹ ਸਭ ਕੁਝ ਬਰਦਾਸ਼ਤ ਕਰਨਾ ਪਏਗਾ।

(ਰੌਸ਼ਨੀ 1, 2, 3, 4 ਤੇ ਪੈਂਦੀ ਹੈ। ਹੌਲਦਾਰ ਉਹਨਾਂ ਨੂੰ ਕੰਨਾਂ ਤੋਂ ਪਕੜ ਕੇ ਉਤਾਂਹ ਕਰਦਾ ਹੈ)

ਹੌਲਦਾਰ : ਓਏ ਸਾਲਿਓ, ਤੁਸੀਂ ਚੋਰਾਂ ਵਾਙੂ ਕੀ ਸੁਣ ਰਹੇ ਹੋ ?

1 : ਕਿੱਸਾ-ਏ-ਗਿਆਨੀ ਸੁਣ ਰਹੇ ਸਾਂ।

ਹੌਲਦਾਰ : ਕਿੱਸਾ ਏ ਗਿਆਨੀ ?

1 : ਹਾਂ ਜਿਸ ਤਰ੍ਹਾਂ ਕਿੱਸਾ-ਏ-ਸੈਫੁਲ ਮਲੂਕ ਹੁੰਦਾ ਏ,

ਕ੍ਰਿੱਸਾ-ਏ-ਹੀਰ ਰਾਂਝਾ ਹੁੰਦਾ ਏ, ਇਸੇ ਤਰ੍ਹਾਂ ਕਿੱਸਾ-ਏ-ਗਿਆਨੀ ਵੀ ਇਕ ਚੀਜ਼ ਏ।

2 : ਹਾਂ ਗਿਆਨੀ ਜੋ ਰਾਜਦੂਤ ਮੋਟਰ ਸਾਈਕਲ ਤੇ ਆਉਂਦਾ ਸੀ।

3 : ਜਿਹੜਾ ਉਹ ਧੰਦਾ ਕਰਦਾ ਏ, ਜੋ ਬਾਰਡਰ ਦੇ ਇਸ ਪਾਰ ਤੋਂ ਉਸ ਪਾਰ ਤੇ ਉਸ ਪਾਰ ਤੋਂ ਇਸ ਪਾਰ ਹੁੰਦਾ ਏ।

4 : ਹੌਲਦਾਰ ਜੀ, ਇਹ ਗਿਆਨੀ ਰਾਤ ਦੇ ਦੋ ਵਜੇ ਕਿਥੇ ਸੀ ?

ਹੌਲਦਾਰ : ਰੀਕਾਰਡ ਦਸਦਾ ਹੈ ਕਿ ਗੁਰਦੁਆਰੇ ਵਿਚ ਰਾਤ ਦੇ ਦੋ ਵਜੇ ਅਖੰਡ ਪਾਠ ਪੜ੍ਹ ਰਿਹਾ ਸੀ।

1-2-3-4 : ਅਖੰਡ ਪਾਠ ?

ਹੌਲਦਾਰ : ਆਹੋ ਅਖੰਡ ਪਾਠ, ਜਿਹੜਾ ਲਗਾਤਾਰ ਦਿਨ ਰਾਤ ਪੜ੍ਹਿਆ ਜਾਂਦਾ ਹੈ। ਇਕ ਉਠਦਾ ਹੈ, ਦੂਜਾ ਪੜ੍ਹਨ ਲਗ ਜਾਂਦਾ ਹੈ। ਦੂਜਾ ਉਠਦਾ ਹੈ, ਤੀਜਾ ਪੜ੍ਹਨ ਲਗ ਜਾਂਦਾ ਹੈ। ਤੀਜਾ ਉਠਦਾ ਹੈ, ਚੌਥਾ ਪੜ੍ਹਨ ਲਗ ਜਾਂਦਾ ਏ। (ਬਦਲੱਕੇ) ਹਰ ਕੋਈ ਅਖੰਡ ਪਾਠ ਨਹੀਂ ਪੜ੍ਹ ਸਕਦਾ। ਸਿਰਫ ਗਿਆਨੀ ਧਿਆਨੀ ਹੀ ਪੜ੍ਹਦੇ ਹਨ।

4 : ਹੌਲਦਾਰ ਜੀ, ਉਹ ਗਿਆਨੀ ਜੋ ਧਿਆਨੀ ਵੀ ਸੀ, ਇਥੇ ਕੀ ਕਰਨ ਆਉਂਦਾ ਸੀ ?

ਹੌਲਦਾਰ : ਓਏ ਬੰਦਿਆਂ ਨੂੰ ਇਕ ਦੂਜੇ ਨਾਲ ਸੌ ਕੰਮ ਹੁੰਦੇ ਨੇ, ਸੀਤਾ ਗਿਆਨੀ ਜੀ ਦੀ ਧੀਆਂ ਵਰਗੀ ਸੀ।

4 : ਆਹੋ ਸੇਠ ਜੀ ਦੇ ਜਾਣ ਦੇ ਬਾਅਦ ਧੀ ਦੇ ਸਿਰ ਤੇ ਕਦੀ ਕੱਦੀ ਪਿਆਰ ਦੇਣ ਆਂਦਾ ਸੀ।

ਹੌਲਦਾਰ : ਆਹੋ ਇਹ ਵੀ ਉਹਨੇ ਬਿਆਨ ਵਿਚ ਦਸਿਆ ਸੀ, ਪਰ ਤੁਹਾਨੂੰ ਕਿੱਸਤਰ੍ਹਾਂ ਪਤਾ ਏ ?

1 : ਸਾਨੂੰ ਕਿਸ ਨੇ ਦੱਸਣਾ ਏਂ ? ਬੱਸ ਆਪਣੇ ਆਪ ਪਤਾ ਲੱਗ ਗ੍ਰਿਆ।

2 : ਹੌਲਦਾਰ ਜੀ, ਜੇ ਕੋਈ ਰਾਤ ਦੇ ਹਨੇਰੇ ਵ੍ਰਿਚ ਮੋਟਰ ਸਾਈਕਲ ਤੇ ਚੜ੍ਹ ਕੇ ਕਿਸੇ ਕੱਲ੍ਹੀ ਕਾਰੀ ਔਰਤ ਕੋਲ ਆਵੇ ਤੇ ਉਹ ਸਿਰ ਤੇ ਪਿਆਰ ਕਰਨ ਹੀ ਆਂਦਾ ਹੈ।

3 : ਅਸੀਂ ਪੁਲਸ ਵਿਚ ਤਾਂ ਨਹੀਂ, ਪਰ ਏਨਾ ਤਾਂ ਸਮਝ ਹੀ ਲੈਂਦੇ ਹਾਂ।

ਹੌਲਦਾਰ : ਜੇ ਤੁਹਾਨੂੰ ਪਤਾ ਹੀ ਹੈ ਤਾਂ ਮੇਰੇ ਕੋਲੋਂ ਕਿਉਂ ਪੁੱਛਦੇ ਹੋ ?

4 : ਅੱਛਾ ਇਹ ਦਸੋ, ਗਿਆਨੀ ਜੀ ਨੇ ਹੋਰ ਕੀ ਬਿਆਨ ਵਿਚ ਦਸਿਆ ?

ਹੌਲਦਾਰ : ਕਿ ਸੀਤਾ ਉਹਨਾਂ ਦੀ ਬੜੀ ਇੱਜ਼ਤ ਕਰਦੀ ਸੀ।

1 : ਉਹ ਤਾਂ ਸੀਤਾ ਦੀ ਡਾਇਰੀ ਵਿਚ ਹੀ ਲਿਖਿਆ ਹੈ ਕਿ ਉਹ ਉਹਨਾਂ ਦੀ ਬੜੀ ਇੱਜ਼ਤ ਕਰਦੀ ਸੀ।

ਹੌਲਦਾਰ : ਲਿਖਣ ਨੂੰ ਭਾਵੇਂ ਕੋਈ ਕੁਝ ਵੀ ਲਿਖ ਦੇਵੇ (ਬਦਲ ਕੇ) ਉਏ ਇਧਰ ਆਵੋ, ਤੁਹਾਨੂੰ ਰਾਜ਼ ਦੀ ਗੱਲ ਦੱਸਾਂ, ਫੇਰ ਆਖੋਗੇ ਹਵਾਲਦਾਰ ਨੂੰ ਕੁਝ ਪਤਾ ਹੀ ਨਹੀਂ, ਹਵਾਲਦਾਰ ਕੋਈ ਐਵੇਂ ਢੱਕੀ ਤਿੱਕੀ ਨਹੀਂ ਹੁੰਦੇ, ਉਹਨਾਂ ਨੂੰ ਸਭ ਕੁਝ ਪਤਾ ਹੁੰਦੈ (ਹੋਰ ਨੇੜੇ ਹੋ ਕੇ) ਇਹ ਗਿਆਨੀ ਵੱਡਾ ਸਮੱਗਲਰ ਏ, ਸੇਠ ਜੀ ਦੇ ਵੱਪਾਰ ਦਾ ਹਿੱਸੇਦਾਰ-ਇਸੇ ਲਈ ਸਿਠਾਨੀ ਨਾਲ ਹਿੱਸਾ ਵੰਡਾਉਣ ਆਂਦਾ ਹੈ। ਸਮਝੇ।

[ਚਾਰੇ ਸਿਰ ਹਿਲਾਂਦੇ ਹਨ ਤੇ ਲਾਈਟ ਫੇਰ ਇੰਸਪੈਕਟਰ ਤੇ ਮੁੰਡੇ ਤੇ ਪੈਂਦੀ ਹੈ]

ਡਾਇਰੀ ਪੜ੍ਹਨ ਦੀ ਆਵਾਜ਼ : ਮੈਂ ਅੱਜ ਸ਼ਾਇਦ ਆਪਣੀ ਡਾਇਰੀ ਦਾ ਆਖਰੀ ਸਫਾ ਲਿਖ ਰਹੀ ਹਾਂ, ਹੁਣੇ ਹੁਣੇ ਰਤਨ ਉਠ ਕੇ ਗਿਆ ਹੈ। ਰਤਨ ਇਕ ਕਵੀ ਹੈ। ਇਸ ਘਰ ਵਿਚ ਆ ਕੇ ਰੱਤਨ ਹੀ ਇਕ ਐਸਾ ਜੀਵ ਹੈ, ਜਿਹੜਾ ਇਕ ਹਮਦੱਰਦ ਵੀ ਹੈ, ਦੋਸਤ ਵੀ ਹੈ। ਪਹਿਲੇ ਦਿਨ ਉਹਨੇ ਮੈਨੂੰ ਲੂਣਾ ਆਖ ਕੇ ਸੰਬੋਧਨ ਕੀਤਾ। ਉਹਦਾ ਮੇਰੇ ਨਾਲ ਰਿਸ਼ਤਾ ਲੂਣਾ ਅਤੇ ਪੂਰਨ ਵਾਲਾ ਜ਼ਰੂਰ ਹੈ। ਪਰ ਮੇਰੇ ਜਜ਼ਬੇ ਉਹਦੇ ਵੱਲ ਲੂਣਾ ਵਾਲੇ ਨਹੀਂ। ਉਹ ਕਦੀ ਕੱਦੀ ਇਥੇ ਆਂਦਾ ਹੈ। ਕਾਨੂੰਨੀ ਤੌਰ ਤੇ ਉਹਦਾ ਇਥੇ ਆਉਣ ਦਾ ਹੱਕ ਹੈ। ਉਹ ਉਹਦੇ ਬਾਪ ਦਾ ਘਰ ਹੈ। ਭਾਵੇਂ ਉਹਨੇ ਕਦੇ ਵੀ ਸੇਠ ਜੀ ਨੂੰ ਇਹ ਹੱਕ ਨਹੀਂ ਦਿੱਤਾ ਕਿ ਉਹ ਉਹਨੂੰ ਆਪਣਾ ਪੁੱਤਰ ਆਖ ਸਕਣ। ਕੋਈ ਨਾ ਕੋਈ ਸ਼ੇਅਰ ਬੋਲਣਾ ਉਹਦੀ ਆਦਤ ਹੈ। ਮੈਂ ਬਹੁਤ ਉਖੜੀ ਹੋਈ ਹਾਂ। ਪਹਿਲੇ ਉਹ ਵਜ਼ੀਰ ਹੋ ਕੇ ਗਏ ਹਨ। ਉਹ ਗਏ ਤਾਂ ਗਿਆਨੀ ਜੀ ਆ ਗਏ। ਉਹ ਕਿਉਂ ਆਂਦੇ ਹਨ ? ਉਹਨਾਂ ਦਾ ਕੀ ਹੱਕ ਏ ? ਪਰ ਉਹ ਹੱਕ ਸਮਝਦੇ ਨੇ...ਮੈਂ ਕੀ ਕਰ ਸਕਦੀ ਹਾਂ ? ਮੈਂ ਚੀਕ ਚੀਕ ਕੇ ਕੁਝ ਕਹਿਣਾ ਚਾਹੁੰਦੀ ਹਾਂ, ਪਰ ਇਹਨਾਂ ਬੰਦ ਦੀਵਾਰਾਂ ਵਿਚ ਕੌਣ ਮੇਰੀ ਚੀਕ ਦੀ ਆਵਾਜ਼ ਸੁਣੇਗਾ ? ਰੱਤਨ ਸ਼ੇਅਰ ਗੁਣਗੁਣਾ ਰਿਹਾ ਹੈ :

ਕਿਆ ਡਰ ਹੈ ਜੋ ਨੂਰ ਕੀ ਚਾਹਤ ਮੇਂ,
ਹਮਕੋ ਭੀ ਸ਼ਬਿ ਗ਼ਮ ਖਾ ਜਾਏ।
ਕੁਛ ਲੋਗ ਤੋਂ ਐਸੇ ਭੀ ਹੋਂਗੇ,
ਜੋ ਸੁਬਹਿ ਦਰਖਸ਼ਾਂ ਦੇਖੇਂਗੇ।

ਇਹ ਸ਼ੇਅਰ ਮੈਨੂੰ ਕੁਝ ਕਰਨ ਲਈ ਕੌਂਹ ਰਿਹਾ ਏ। ਮੈਂ ਫੈਸਲਾ ਲੈ ਲਿਆ ਹੈ।...ਹਾਂ ਇਹ ਜ਼ਿੰਦਗੀ

ਲੰਮੀ ਕਰਨ ਨਾਲੋਂ ਮਿਟ ਜਾਣਾ ਹੀ ਚੰਗਾ ਹੈ–ਹਾਂ ਕੁਝ ਲੋਕ ਤਾਂ ਇਹੋ ਜਿਹੇ ਹੋਣਗੇ ਜੋ ਸਵੇਰ ਨੂੰ ਆਪਣੇ ਦਰ ਤੇ ਵੇਖਣਗੇ ।

[ਕੁਝ ਚਿਰ ਚੁੱਪ–ਰੌਸ਼ਨੀ ਇੰਸਪੈਕਟਰ ਤੇ ਮੁੰਡੇ ਤੇ ਪੈਂਦੀ ਹੈ]

ਇੰਸਪੈਕਟਰ : ਹਾਂ, ਇਸਤੋਂ ਇਹ ਸਾਬਤ ਹੋ ਗਿਆ ਕਿ ਸ਼੍ਰੀਮਤੀ ਰਘੂਨਾਥ ਨੇ ਆਪਣੀ ਮਰਜ਼ੀ ਨਾਲ ਆਪਣੀ ਜ਼ਿੰਦਗੀ ਖਤਮ ਕੀਤੀ ਹੈ ।

ਲੜਕਾ : ਸ਼੍ਰੀਮਤੀ ਰਘੂਨਾਥ ਨੇ ਆਪਣੀ ਜ਼ਿੰਦਗੀ ਜ਼ਰੂਰ ਆਪ ਖਤਮ ਕਰ ਲਈ ਪਰ ਮੈਂ ਫੇਰ ਕਹਿੰਦਾ ਹਾਂ ਕਿ ਮੇਰੀ ਭੈਣ ਸੀਤਾ ਦਾ ਕਤਲ ਕੀਤਾ ਗਿਆ ਏ, ਤੁਹਾਨੂੰ ਇਹ ਫੈਸਲਾ ਕਰਨਾ ਹੀ ਪਏਗਾ ਕਿ ਇਹ ਕਤਲ ਕਿਸ ਨੇ ਕੀਤਾ ਹੈ ? ਕੌਣ ਇਸ ਦਾ ਜ਼ੁੰਮੇਵਾਰ ਹੈ ?

[ਲੜਕੇ ਵਲੋਂ ਜਦੋਂ ਇਹ ਸਵਾਲ ਪੁਛਿਆ ਜਾਂਦਾ ਹੈ ਤਾਂ ਰੌਸ਼ਨੀ ਕੋਰਸ ਤੇ ਪੈਂਦੀ ਹੈ]

1 : ਕੌਣ ਇਸ ਕਤਲ ਦਾ ਜ਼ਿੰਮੇਵਾਰ ਹੈ ?

2 : ਕੌਣ ਇਸ ਕਤਲ ਦਾ ਜ਼ਿੰਮੇਵਾਰ ਹੈ ?

3 : ਕੌਣ ਇਸ ਕਤਲ ਦਾ ਜ਼ਿੰਮੇਵਾਰ ਹੈ ?

4 : ਕੌਣ ਇਸ ਕਤਲ ਦਾ ਜ਼ਿੰਮੇਵਾਰ ਹੈ ?

[ਕੋਰਸ ਦੇ ਸਵਾਲ ਨਾਲ ਆਵਾਜ਼ ਉਚੀ ਹੁੰਦੀ ਹੈ]

1 : ਕੀ ਇਹ ਕਤਲ ਸੇਠ ਰਘੂਨਾਥ ਸ਼ਾਹੀ ਨੇ ਕੀਤਾ, ਜੋ ਇਕ ਗਰੀਬ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਸੀਤਾ ਨੂੰ ਕਤਲਗਾਹ ਤੱਕ ਲਿਆਇਆ ਸੀ ।

2 : ਕੀ ਇਹ ਕਤਲ ਉਸ ਚਿੱਟੇ ਖੱਦਰਪੋਸ਼ ਮੰਤਰੀ ਨੇ ਕੀਤਾ, ਜਿਸਨੇ ਕੁਰਸੀ ਦੇ ਨਸ਼ੇ ਵਿਚ ਸੀਤਾ ਦੀ ਇੱਜ਼ਤ ਦਾ ਸੌਦਾ ਕੀਤਾ ?

3 : ਕੀ ਇਹ ਕਤਲ ਉਸ ਗਿਆਨੀ ਨੇ ਕੀਤਾ, ਜਿਸਨੇ ਧੀਆਂ ਵਰਗੀ ਸੀਤਾ ਨੂੰ ਆਪਣੀ ਹੱਵਸ ਦਾ ਸ਼ਿਕਾਰ ਬਣਾਇਆ ?

4 : ਪਰ ਕੀ ਉਹ ਕਵੀ ਇਸ ਕਤਲ ਦੇ ਇਲਜ਼ਾਮ ਤੋਂ ਬਰੀ ਹੈ, ਜਿਸਨੇ ਸਿਰਫ ਸਵੇਰ ਦਾ ਗੀਤ ਗਾਇਆ, ਪਰ ਇਸ ਸਵੇਰ ਨੂੰ ਲਿਆਉਣ ਵਿਚ ਕੁਝ ਹਿੱਸਾ ਨਾ ਪਾਇਆ ।

1 : ਪਰ ਕੀ ਅਸੀਂ ਇਲਜ਼ਾਮ ਤੋਂ ਬਰੀ ਹਾਂ, ਜਿਹੜੇ ਕਿਸੇ ਨਾ ਕਿਸੇ ਸੀਤਾ ਦੇ ਕਤਲ ਨੂੰ ਸਿਰਫ ਤਮਾਸ਼ਾਈਆਂ ਵਾਕੁਨ ਦੇਖਦੇ ਹਾਂ ।

2 : ਕੀ ਅਸੀਂ ਬਰੀ ਹਾਂ ?

3 : ਕੀ ਤੁਸੀਂ ਬਰੀ ਹੋ ?

4 : ਕੀ ਇਹ ਸਾਰਾ ਸਮਾਜ, ਇਹ ਸਾਰਾ ਭਾਈਚਾਰਾ ਬਰੀ ਹੈ ?

2–3 : ਨਹੀਂ

1 : ਤਾਂ ਆਓ ਫੇਰ ਕੋਈ ਚਾਰਾ ਕਰੀਏ । ਕਤਲਗਾਹਾਂ ਤੇ ਸਲੀਬਾਂ ਵਾਕੁਨ ਨਾ ਲਟਕੇ ਰਹੀਏ । ਸਵਾਲ ਨੂੰ ਸਵਾਲ ਨਾ ਰਹਿਣ ਦੇਈਏ, ਸਵਾਲ ਦਾ ਜਵਾਬ ਢੂੰਡੀਏ ।

2 : ਕਿਉਂਕਿ ਸੀਤਾ ਦਾ ਸਵਾਲ ਸਾਡਾ ਸਵਾਲ ਹੈ ।

3 : ਸੀਤਾ ਦਾ ਦੁੱਖ ਸਾਡਾ ਦੁੱਖ ਹੈ

4 : ਸੀਤਾ ਦਾ ਕਤਲ ਸਾਡਾ ਕਤਲ ਹੈ

[ਉਹ ਉਥੇ ਹੀ ਮੂਕ ਹੋ ਜਾਂਦੇ ਹਨ, ਪਿਛੋਂ ਗੀਤ ਦੀ ਆਵਾਜ਼ ਆਉਂਦੀ ਹੈ]

‡ ਕਿਆ ਡਰ ਹੈ ਨੂਰ ਕੀ ਚਾਹਤ ਮੇਂ,
ਹਮ ਕੋ ਭੀ ਸ਼ਬੇ ਗ਼ਮ ਖ਼ਾਂ ਜਾਏ ।
ਕੁਛ ਲੋਗ ਤੋ ਐਸੇ ਭੀ ਹੋਂਗੇ,
ਜੋ ਸੁਬਹਿ ਦਰਖਸ਼ਾਂ ਦੇਖੇਂਗੇ ।

ਨੋਟ : ਇਹ ਸ਼ਿਅਰ ਜਗਮੋਹਣ ਜੋਸ਼ੀ ਦੀ ਇਕ ਗ਼ਜ਼ਲ ਦਾ ਸ਼ਿਅਰ ਹੈ । oo

# ਪਾਠਕ ਲੇਖਕ ਫੋਰਮ

## 1. ਇਕ ਚਿੱਠੀ ਤੇ ਉਹਦਾ ਜਵਾਬ

ਗੁਰਸ਼ਰਨ ਭਾ ਜੀ, ਸਮਤਾ ਦੇ ਜੂਨ ਅੰਕ 'ਚ 'ਇਕ ਚਿੱਠੀ ਲੋਕਾਂ ਦੇ ਨਾਂ' 'ਚ ਸਫਾ 4 ਤੇ ਤੁਸੀਂ ਲਿਖਦੇ ਹੋ–"ਅੱਜ ਮਨੁੱਖਤਾ ਦਾ ਇਕ ਨਵਾਂ ਅਕੀਦਾ ਪੈਦਾ ਹੋਣਾ ਚਾਹੀਦਾ ਹੈ, ਜਿਸ ਵਿਚ ਦਲੀਲ ਹੋਵੇ, ਜਿਸ ਵਿਚ ਹੌਸਲਾ ਹੋਵੇ ਕਿ ਉਹ ਬੇਦਲੀਲੀ ਗੱਲ ਨੂੰ ਰੱਦ ਕਰ ਸਕਦਾ ਹੋਵੇ । ਇਹ ਅਕੀਦਾ ਭਾਵੇਂ ਧਾਰਮਿਕ ਫਲਸਫੇ ਤੋਂ (ਧਰਮ ਤੋਂ ਨਹੀਂ, ਜਿਸਨੇ ਫਲਸਫੇ ਨੂੰ ਖਾਹਮਖਾਹ ਰੀਤੀਆਂ ਦੀ ਸ਼ਕਲ ਦਿਤੀ ਹੋਈ ਹੈ) ਤੇ ਭਾਵੇਂ ਵਿਗਿਆਨਕ ਸੋਚਣੀ ਤੋਂ ਆਂਦਾ ਹੋਵੇ, ਅਪਨਾਉਣਾ ਚਾਹੀਦਾ ਹੈ ।" ਇਥੇ ਤੁਸੀਂ ਧਾਰਮਿਕ ਫਲਸਫੇ ਤੇ ਧਰਮ ਨੂੰ ਵੱਖ ਵੱਖ ਕਰਦਿਆਂ, ਧਾਰਮਿਕ ਫ਼ਲਸਫੇ ਦੇ ਰੋਲ ਨੂੰ ਅਗਾਂਹਵਧੂ ਮੰਨਦੇ ਹੋ ਜਦੋਂ ਕਿ ਸਿਧਾਂਤਕ ਰੂਪ 'ਚ ਗੱਲ ਬਿਲਕੁਲ ਇਸ ਤੋਂ ਉਲਟੀ ਹੈ । ਧਾਰਮਿਕ ਫਲਸਫਾ ਸਦਾ ਹੀ ਰਹੱਸਵਾਦੀ ਧਾਰਨਾਵਾਂ ਤੇ ਅਧਾਰਿਤ ਹੁੰਦਾ ਹੈ, ਜਿਹਨਾਂ 'ਚ ਦਲੀਲ ਲਈ ਕੋਈ ਥਾਂ ਨਹੀਂ । 'ਏਕ ਨੂਰ ਤੇ ਸਭ ਜਗ ਉਪਜਿਆ, ਕੌਣ ਭਲੇ ਕੌਣ ਮੰਦੇ' 'ਨਾਨਕ ਦੁਖੀਆ ਸਭ ਸੰਸਾਰ, ਸੋ ਸੁਖੀਆ ਜਿਸ ਨਾਮ ਆਧਾਰ', 'ਕਈ ਵਾਰ ਪਸਰਿਓ ਪਸਾਰਾ, ਫਿਰ ਇੱਕੋ ਨਾਨਕਧਾਰਾ' (ਗੁਰਬਾਣੀ 'ਚੋਂ) 'ਕੰਮ ਕਰੋ ਤੇ ਫਲ ਦੀ

ਇੱਛਾ ਨਾ ਕਰੋ (ਗੀਤਾ) ਜਿਹੀਆਂ ਧਾਰਨਾਵਾਂ ਧਾਰਮਿਕ ਫਲਸਫਿਆਂ ਦੀ ਬੁਨਿਆਦ ਹਨ। ਇਸਲਾਮ, ਬੁੱਧ, ਈਸਾਈ ਧਾਰਮਿਕ ਫਲਸਫਿਆਂ ਦੀ ਹਾਲਤ ਇਸਤੋਂ ਕੋਈ ਵੱਖਰੀ ਨਹੀਂ। ਸਾਰੇ ਧਾਰਮਿਕ ਫਲਸਫਿਆਂ ਅਨੁਸਾਰ ਸੰਸਾਰਕ ਦੁੱਖਾਂ ਦਾ ਕਾਰਨ ਰੱਬ ਤੋਂ ਬੇਮੁਖਤਾ, ਸਾਰੀਆਂ ਪਦਾਰਥਕ ਸਰਗਰਮੀਆਂ ਝੂਠਾ ਮਾਇਆ-ਜਾਲ, ਰੱਬ ਨੂੰ ਹਰ ਮੰਨਣ ਵਾਲਾ ਚੰਗਾ ਮਨੁੱਖ ਹੁੰਦਾ ਹੈ (ਜਦੋਂ ਕਿ ਸਮਾਜ ਵਿਚ ਇਕ ਜਮਾਤ ਲੁਟੇਰਿਆਂ ਦੀ ਤੇ ਦੂਜੀ ਲੁੱਟੇ ਜਾਣ ਵਾਲਿਆਂ ਦੀ ਹੈ। ਜੇ ਇਹ ਦੋਵੇਂ ਈ ਚੰਗੇ ਹਨ ਤਾਂ ਫਿਰ ਲੜਾਈ ਕਿਸ ਦੇ ਖਿਲਾਫ ?) ਪਤਾ ਨਹੀਂ ਤੁਸੀਂ ਕਿਹੜੇ ਆਧਾਰ ਤੇ ਧਾਰਮਿਕ ਫਲਸਫਿਆਂ ਨੂੰ ਦਲੀਲਵਾਦੀ ਤੇ ਅਗਾਂਹਵਧੂ ਸੋਚ ਲਿਆ ਤੇ ਵਿਗਿਆਨਕ ਸੋਚਣੀ ਦੇ ਬਰਾਬਰ ਲਿਆ ਖੜਾ ਕੀਤਾ ? ਸਪੱਸ਼ਟ ਕਰਨਾ। ਹਾਲਾਂਕਿ ਧਰਮ ਕਈ ਵਾਰ, ਕਿਸੇ ਵਿਸ਼ੇਸ਼ ਸਮੇਂ ਤੇ ਵਿਸ਼ੇਸ਼ ਹਾਲਤਾਂ 'ਚ ਪ੍ਰਗਤੀਵਾਦੀ ਰੋਲ ਕਰ ਜਾਂਦਾ ਹੈ।

ਸਾਨੂੰ ਹਰ ਧਾਰਮਿਕ ਫਲਸਫੇ ਨੂੰ ਬਿਨਾਂ ਕਿਸੇ ਲਾਗ ਲਪੇਟ ਦੇ ਰੱਦ ਕਰਨਾ ਚਾਹੀਦਾ ਹੈ, ਕਿਉਂਕਿ ਇਹਦੀ ਜੜ੍ਹ ਸਦਾ ਹੀ ਇਸ ਗੱਲ ਵਿਚ ਹੁੰਦੀ ਹੈ ਕਿ ਮਨੁੱਖ ਰੱਬ ਦੇ ਸਾਹਵੇਂ ਨਿਤਾਣਾ ਹੈ, ਘਟਨਾਵਾਂ ਦਾ ਚੱਕਰ ਉਸ ਰੱਬ ਦੀ ਮਰਜ਼ੀ ਅਨੁਸਾਰ ਚਲਦਾ ਹੈ, ਜਦੋਂ ਕਿ ਅਸੀਂ ਧਰਤੀ ਤੇ ਸਰਗਰਮੀਆਂ ਦਾ ਕੇਂਦਰ ਬਿੰਦੂ ਮਨੁੱਖ ਨੂੰ ਮੰਨਦੇ ਹਾਂ। —ਬਲਬੀਰ ਪਰਵਾਨਾ

—ਅੱਜ ਦੇ ਮਨੁੱਖ ਦਾ ਨਿਸ਼ਾਨਾ ਇਕ ਸੁਚੱਜੀ ਜੀਵਨ ਜਾਚ ਹੈ। ਮੇਰਾ ਅਪਣਾ ਇਹ ਅਕੀਦਾ ਹੈ ਕਿ ਇਹ ਜੀਵਨ ਜਾਚ ਸਹੀ ਤੌਰ ਤੇ ਵਿਗਿਆਨਕ ਸੋਚਣੀ ਨਾਲ ਹੀ ਆ ਸਕਦੀ ਹੈ। ਪਰ ਮਨੁੱਖ ਮਨੁੱਖ ਦੀ ਬਰਾਬਰੀ ਦਾ ਸਵਾਲ ਜਿਸ ਵਿਚ ਜ਼ਾਤ, ਰੰਗ, ਨਸਲ ਇਲਾਕੇ ਆਦਿਕ ਦਾ ਕੋਈ ਦਖਲ ਨਾ ਹੋਵੇ, ਔਰਤ ਤੇ ਮਰਦ ਦੀ ਬਰਾਬਰੀ ਦਾ ਸਵਾਲ, ਆਪਣੀ ਮਿਹਨਤ ਕਰਕੇ ਖਾਣਾ, ਕਿਸੇ ਦੀ ਲੁੱਟ ਨਾ ਕਰਨਾ, ਇਹ ਚੰਗੇ ਜੀਵਨ ਦੇ ਆਦਰਸ਼ ਧਾਰਮਿਕ ਫਲਸਫੇ ਤੋਂ ਵੀ ਅਪਣਾਏ ਜਾ ਸਕਦੇ ਹਨ। ਜੇ ਇਹਨਾਂ ਨੂੰ ਕੋਈ ਅਪਣਾਂਦਾ ਹੈ, ਸਾਨੂੰ ਉਹਨੂੰ ਜੀ ਆਇਆਂ ਆਖਣਾ ਚਾਹੀਦਾ ਹੈ। ਖਾਹਮਖਾਹ ਕਿਸੇ ਟੱਕਰ ਵਿਚ ਨਹੀਂ ਆਉਣਾ ਚਾਹੀਦਾ। ਵੱਡਾ ਸਵਾਲ ਐਸੇ ਸਮਾਜ ਸਿਰਜਣ ਦਾ ਹੈ, ਜਿਥੇ ਇਹ ਜੀਵਨ ਜਾਚ ਸਮਾਜਕ ਦਸਤੂਰ ਬਣ ਸਕੇ। ਇਹ ਨਿਸ਼ਾਨਾ ਪ੍ਰਾਪਤ ਕਰਨ ਲਈ ਸਾਨੂੰ ਵੱਧ ਤੋਂ ਵੱਧ ਲੋਕਾਂ ਨੂੰ ਨਾਲ ਲੈ ਕੇ ਆਪਣਾ ਘੇਰਾ ਵਿਸ਼ਾਲ ਕਰਨਾ ਚਾਹੀਦਾ ਹੈ। ਇਸੇ ਹੀ ਪ੍ਰਸੰਗ ਵਿਚ ਮੇਰੇ ਲੇਖ ਵਿਚ ਕਹੇ ਕਥਨ ਨੂੰ ਲਿਆ ਜਾਣਾ ਚਾਹੀਦਾ ਹੈ। ਧਾਰਮਕ ਫਲਸਫੇ ਦੀਆਂ ਸੀਮਤਾਵਾਂ ਬਾਰੇ ਜੋ ਤੁਸੀਂ ਕਿੰਤੂ ਕੀਤਾ ਹੈ, ਮੇਰੀ ਉਸਦੇ ਨਾਲ ਸਹਿਮਤੀ ਹੈ। —ਗੁਰਸ਼ਰਨ ਸਿੰਘ

## 2. ਇਕ ਹੋਰ ਚਿੱਠੀ ਤੇ ਉਹਦਾ ਜਵਾਬ

—ਮੈਂ ਜੂਨ ਮਹੀਨੇ ਦਾ 'ਸਮਤਾ' ਪੜ੍ਹਿਆ, ਇਕ ਜੂਨ ਨੂੰ ਹੀ ਪ੍ਰਾਪਤ ਹੋ ਗਿਆ ਸੀ। ਇਸ ਤੋਂ ਪਹਿਲਾਂ ਵੀ ਹਰ ਮਹੀਨੇ 'ਸਮਤਾ' ਪੜ੍ਹੀਦਾ ਹੈ ਤੇ ਆਪ ਦੇ ਲਿਖੇ ਹੋਏ ਨਾਟਕ ਵੀ ਆਪਣੇ ਪਿੰਡ ਕਰਵਾਏ ਹਨ। ਸ਼ੰਕੇ ਤਾਂ ਪਹਿਲਾਂ ਵੀ 'ਸਮਤਾ' ਪੜ੍ਹਨ ਪਿਛੋਂ ਉਠਦੇ ਸਨ, ਪਰ ਕਲਮ ਚੁੱਕਣ ਦਾ ਕਦੇ ਹੌਂਸਲਾ ਨਹੀਂ ਸੀ ਕੀਤਾ। ਇਸ ਮਹੀਨੇ ਦਾ ਸਮਤਾ ਪੜ੍ਹ ਕੇ ਕੁਝ ਪੁੱਛਣ ਲਈ ਕਲਮ ਉਠਾਈ ਹੈ। ਦੇਖਦਾ ਹਾਂ ਇਸਦਾ ਕੀ ਹਸ਼ਰ ਹੁੰਦਾ ਹੈ ? ਵਿਸ਼ਵਾਸ ਤਾਂ ਇਹੀ ਹੈ ਕਿ ਤੁਸੀਂ ਜਵਾਬ ਭੜਕਾਹਟ 'ਚ ਨਹੀਂ ਸਗੋਂ ਸਹਿਣਸ਼ੀਲਤਾ ਵਾਲਾ ਰੁਖ ਅਪਣਾ ਕੇ ਦੇਵੋਂਗੇ, ਤਾਂ ਕਿ ਅਗੇ ਲਈ ਵੀ ਚਿੱਠੀ ਲਿਖੀ ਜਾ ਸਕੇ।

ਆਪ ਜੀ ਦੀ ਸੰਪਾਦਕੀ "ਸਾਨੂੰ ਆਪਣੀ ਸਿਆਸਤ ਤੇ ਕਾਇਮ ਰਹਿਣਾ ਚਾਹੀਦਾ ਹੈ" ਪੜ੍ਹ ਕੇ ਟੁਟਦੇ ਦਿਲ ਨੂੰ ਸਹਾਰਾ ਹੀ ਨਹੀਂ ਮਿਲਿਆ, ਸਗੋਂ ਆਪਣੀ ਸਿਆਸਤ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਲਈ ਦ੍ਰਿੜ ਇਰਾਦਾ ਤੇ ਸ਼ਕਤੀ ਵੀ ਮਿਲੀ ਹੈ। 'ਸਮਤਾ' ਦਾ ਬਾਕੀ ਮੈਟਰ ਵੀ ਉਚ ਦਰਜੇ ਦਾ ਹੈ। ਪਰ ਇਤਰਾਜ਼ ਉਸ ਚਿੱਠੀ ਤੇ ਹੈ ਜਿਸ 'ਚ ਤੁਸੀਂ ਲੋਕਾਂ ਨੂੰ ਮੂਰਖ ਕਿਹਾ ਹੈ, ਮੇਰੇ ਦਿਲ ਨੂੰ ਬਹੁਤ ਭਾਰੀ ਠੇਸ ਪਹੁੰਚੀ ਹੈ ਕਿਉਂਕਿ ਜਿਹੜੇ ਲੋਕ ਸਰਮਾਏਦਾਰੀ ਸਿਸਟਮ ਦੀ ਚੱਕੀ ਥੱਲੇ ਪਿਸ ਰਹੇ ਹੋਣ ਤੇ ਸਰਮਾਏਦਾਰੀ ਨੇ ਆਪਣੇ ਮਨੋਰਥਾਂ ਲਈ ਉਨ੍ਹਾਂ ਦੇ ਦਿਮਾਗਾਂ ਨੂੰ ਖੁੰਢਾ ਕਰ ਦਿੱਤਾ ਹੋਵੇ ਤਾਂ ਇਕ ਪਰੋਲਤਾਰੀਏ ਦੇ ਸਰਦਾਰ ਮੂੰਹੋਂ ਉਨ੍ਹਾਂ ਨੂੰ ਮੂਰਖ ਕਹਿਣਾ ਉਨ੍ਹਾਂ ਦੇ ਦਿਲ ਤੇ ਦਿਮਾਗ ਤੇ ਇਕ ਹੋਰ ਹਮਲਾ ਹੈ। ਇਹ ਹਮਲਾ ਹੀ ਤੁਹਾਡੇ ਲੋਕਾਂ ਨੂੰ ਸਿਆਣੇ ਬਣਾ ਸਕਣ ਦੀ ਬੇਬਸੀ ਦਾ ਪ੍ਰਤੀਕ ਹੈ।

ਦੂਜਾ ਸਵਾਲ–ਭਾਰਤ ਕਿਵੇਂ ਦੋ ਦੇਵ ਤਾਕਤਾਂ ਦੀ ਆਪਸੀ ਲੜਾਈ ਦਾ ਅਖਾੜਾ ਬਣਿਆ ਹੈ ?

ਇਕ ਦੇਵ ਤਾਕਤ (ਅਮਰੀਕਾ) ਬਾਰੇ ਤਾਂ ਮੈਨੂੰ ਵੀ ਪਤਾ ਹੈ ਕਿ ਅਮਰੀਕਾ ਤੋਂ ਟਰੇਨਿੰਗ ਲੈ ਕੇ ਕੁਝ ਲੋਕ ਪਾਕਿਸਤਾਨ ਰਾਹੀਂ ਸਾਡੇ ਦੇਸ਼ 'ਚ ਗੜਬੜ ਕਰਨਾ ਚਾਹੁੰਦੇ ਹਨ ਤੇ ਇਸ ਗੱਲ ਦੇ ਸਬੂਤ ਸਾਡੀ ਭਾਰਤ ਸਰਕਾਰ ਕੋਲ ਵੀ ਹਨ। ਪਰ ਦੂਜੀ ਦੇਵ ਤਾਕਤ (ਰੂਸ) ਬਾਰੇ ਅਜੇਹਾ ਕੋਈ ਤੱਥ ਨਹੀਂ। ਸ਼ਾਇਦ ਤੁਹਾਡੇ ਕੋਲ ਹੋਵੇ ਤਾਂ ਕ੍ਰਿਪਾ ਕਰਕੇ ਦੱਸਣ ਦੀ ਮਿਹਰਬਾਨੀ ਕਰੋ।

– ਨੇਤ ਸਿੰਘ

—'ਇਕ ਚਿੱਠੀ ਆਪਣੇ ਲੋਕਾਂ ਦੇ ਨਾਂ' ਦੀ ਸਾਰੀ ਲਿਖਣ ਸ਼ੈਲੀ ਇਕ ਸ਼ਿਕਵੇ ਦੀ ਹੈ, ਜਿਸ ਵਿਚ ਆਪਣੇ

ਲੋਕਾਂ ਦੀ ਚੇਤਨਾ ਨੂੰ ਝੰਜੋੜਣ ਦਾ ਯਤਨ ਹੈ। ਉਹਨਾਂ ਆਪਣੇ ਲੋਕਾਂ ਵਿਚ ਮੈਂ ਆਪਣੇ ਆਪ ਨੂੰ ਵੀ ਸ਼ਾਮਿਲ ਕੀਤਾ ਹੈ। ਸਾਨੂੰ ਹੋਰ ਸਿਆਣਾ ਬਣਨ ਦੀ ਲੋੜ ਹੈ, ਇਹ ਸਤਰਾਂ ਤਾਂ ਹੀ ਲਿਖੀਆਂ ਜਾ ਸਕਦੀਆਂ ਹਨ, ਜੇ ਮੇਰਾ ਆਪਣੇ ਲੋਕਾਂ ਵਿਚ ਦ੍ਰਿੜ ਵਿਸ਼ਵਾਸ ਹੈ। ਉਹਨਾਂ ਨੂੰ ਹੋਰ ਸਿਆਣਾ ਬਣਨ ਲਈ ਆਖਣਾ ਉਹਨਾਂ ਦੀ ਸੋਚ ਨੂੰ ਪ੍ਰਚੰਡ ਕਰਨਾ ਹੈ। ਉਹਨਾਂ ਦੀ ਸੋਚ ਜੇਕਰ ਹਾਲੇ ਸਮੇਂ ਦੀ ਹਾਣੀ ਨਹੀਂ ਬਣੀ ਤਾਂ ਉਹਨਾਂ ਨੂੰ ਉਹਦਾ ਅਹਿਸਾਸ ਕਰਵਾਉਣਾ ਕੋਈ ਗ਼ਲਤ ਨਹੀਂ। ਇਹਦੇ ਤੋਂ ਇਹ ਮਤਲਬ ਨਹੀਂ ਕਿ ਮੈਂ ਲੋਕਾਂ ਨੂੰ ਮੂਰਖ ਸਮਝਦਾ ਹਾਂ। ਲੋਕ ਮਹਾਨ ਹਨ, ਪਰ ਇਸ ਤੋਂ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਉਹ ਮੂਰਖਤਾ ਨਹੀਂ ਕਰ ਸਕਦੇ। ਮੂਰਖਤਾਂ ਵਾਲਾ ਵਰਤਾਰਾ ਪੰਜਾਬ ਦੇ ਲੋਕ ਰੋਜ਼ ਕਰ ਰਹੇ ਹਨ। ਇਸ ਵਿਰੁੱਧ ਆਵਾਜ਼ ਉਠਾਣਾ ਸਾਡਾ ਫਰਜ਼ ਹੈ। ਦੂਜੇ ਉਠਾਏ ਗਏ ਨੁੱਕਤੇ ਬਾਰੇ ਮੈਂ ਏਨਾਂ ਹੀ ਕਹਿਣਾ ਹੈ ਕਿ ਅਫਗਾ-ਨਿਸਤਾਨ, ਪਾਕਿਸਤਾਨ, ਅਤੇ ਕਸ਼ਮੀਰ ਦੇ ਮਸਲਿਆ ਵਾਕੁਨ ਹੁਣ ਪੰਜਾਬ ਦਾ ਮਸਲਾ ਵੀ ਇਸ ਖਿੱਤੇ ਵਿਚ ਦੋ ਦੇਵ ਤਾਕਤਾਂ ਦਾ ਅਖਾੜਾ ਬਣ ਗਿਐ। ਇਹ ਅੰਤਰ-ਰਾਸ਼ਟਰੀ ਸਿਆਸਤ ਦੀ ਹਕੀਕਤ ਹੈ। ਇਸ ਵਿਚ ਕੌਣ ਕਿਸ ਦੇ ਪੱਖ ਵਿਚ ਹੈ, ਇਸ ਬਹਿਸ ਵਿਚ ਨਾ ਪੈਂਦਿਆਂ ਮੈਂ ਆਪਣੇ ਲੋਕਾਂ ਨੂੰ ਆਖਿਆ ਹੈ ਕਿ ਪੰਜਾਬ ਦਾ ਮਸਲਾ ਉਹਨਾਂ ਦਾ ਆਪਣਾ ਮਸਲਾ ਹੈ ਤੇ ਉਹਨਾਂ ਨੂੰ ਆਪਣੀ ਸੂਝ ਅਨੁਸਾਰ ਉਹਦੇ ਵਿਚ ਦਖਲ-ਅੰਦਾਜ਼ੀ ਕਰਨੀ ਚਾਹੀਦੀ ਹੈ।

o ਅੰਤਰਰਾਸ਼ਟਰੀ ਸਿਆਸਤ ਦੀ ਗੱਲ ਤੁਰੀ ਹੈ ਤਾਂ ਮੈਂ ਆਪਣਾ ਜ਼ਾਤੀ ਪੱਖ ਜ਼ਰੂਰ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਅੰਤਰ ਰਾਸ਼ਟਰੀ ਮਸਲਿਆਂ ਬਾਰੇ ਜਿਸ ਵਿਚ ਨਿਉਕਲਾਈ ਹਥਿਆਰਾਂ ਤੇ ਪਾਬੰਦੀ ਲਗਾਉਣ ਦੀ ਗੱਲ ਆਂਦੀ ਹੈ, ਸ਼ਾਂਤਮਈ ਸਹਿਹੋਂਦ ਦੀ ਗੱਲ ਆਂਦੀ ਹੈ, ਪੱਛੜੇ ਮੁਲਕਾਂ ਦੀ ਸਾਮਰਾਜੀ ਲੁੱਟ ਦੀ ਗੱਲ ਆਂਦੀ ਹੈ। ਅਮਰੀਕਾ ਦੇ ਮੁਕਾਬਲੇ ਵਿਚ ਰੂਸ ਦਾ ਪੱਖ ਹਮੇਸ਼ਾ ਹਾਂ ਪੱਖੀ ਹੁੰਦਾ ਹੈ। ਇਸੇ ਤਰ੍ਹਾਂ ਰੂਸ ਦਾ ਸਮਾਜ ਉਥੋਂ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਕਮਿਊਨਿਸਟ ਸਮਾਜ ਵੱਲ ਕਦਮ 'ਵਧਾ ਰਿਹਾ ਹੈ, ਇਹ ਸਾਡੇ ਲਈ ਫ਼ਖਰ ਵਾਲੀ ਗੱਲ ਹੈ; ਪਰ ਜਿਥੋਂ ਤਕ ਤੀਜੀ ਦੁਨੀਆਂ ਦੇ ਮੁਲਕਾਂ ਦੀਆਂ ਸਰਕਾਰਾਂ ਦਾ ਪੱਖ ਲੈਣਾ ਹੈ, ਰੂਸ ਦਾ ਸਟੈਂਡ ਹਮੇਸ਼ਾ ਦਰੁੱਸਤ ਨਹੀਂ। ਭਾਰਤ ਵਿਚ ਪਿਛਲੇ 38 ਸਾਲਾਂ ਤੋਂ ਇਕ ਬੜੀ ਹੀ ਨਿਕੰਮੀ ਸਰਕਾਰ ਚਲ ਰਹੀ ਹੈ, ਜਿਸ ਦਾ ਆਪਣੇ ਲੋਕਾਂ ਵੱਲ ਰਵੱਈਆ ਬਹੁਤੀ ਵਾਰੀ ਜ਼ਾਲਮਾਨਾ ਅਤੇ ਫਾਸ਼ੀ ਕਿਧਰ ਦਾ ਹੁੰਦਾ ਹੈ, ਪਰ ਰੂਸ ਦੀ ਸਰਕਾਰ ਨੇ ਆਪਣਾ ਇਮਾਨ ਬਣਾਇਆ ਹੋਇਆ ਹੈ ਕਿ ਇਸ ਸਰਕਾਰ ਦੇ ਸੋਹਲੇ ਗਾਣੇ ਹਨ। ਪਹਿਲੇ ਪੰਡਤ ਜਵਾਹਰ ਲਾਲ ਦੇ, ਫੇਰ ਇੰਦਰਾ ਗਾਂਧੀ ਦੇ, ਤੇ ਹੁਣ ਰਾਜੀਵ ਗਾਂਧੀ ਦੇ ਸੋਹਲੇ ਗਾਏ ਜਾਂਦੇ ਹਨ। ਇਸ ਨੂੰ ਹਿੰਦ ਸੋਵੀਅਤ ਦੋਸਤੀ ਦਾ ਨਾਂ ਦਿਤਾ ਜਾਂਦਾ ਹੈ। ਹਿੰਦ ਸੋਵੀਅਤ ਦੋਸਤੀ ਦਾ ਇਹ ਮਤਲਬ ਨਹੀਂ ਕਿ ਭਾਰਤ ਸਰਕਾਰ ਦੀਆਂ ਲੋਕ-ਦੋਖੀ ਨੀਤੀਆਂ ਦਾ ਵੀ ਸਮਰਪਨ ਕੀਤਾ ਜਾਵੇ, ਸਾਨੂੰ ਇਸ ਧੋਖੇ ਤੋਂ ਬਚਣਾ ਚਾਹੀਦਾ ਹੈ, ਇਸ ਬਾਰੇ ਮੈਂ ਆਪਣੇ ਲੋਕਾਂ ਨੂੰ ਹਮੇਸ਼ਾ ਚੇਤਨ ਕਰਨਾ ਚਾਹਾਂਗਾ। ਭਾਰਤ ਸਰਕਾਰ ਵਿਰੁਧ ਭਾਰਤ ਦੇ ਲੋਕਾਂ ਦੇ ਪ੍ਰਸੰਗ ਵਿਚ ਰੂਸ ਦਾ ਪੱਖ ਬਹੁਤ ਵਾਰੀ ਨਾ ਪੱਖੀ ਰਿਹਾ ਹੈ। ਇਸ ਦਾ ਸਬੂਤ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦੀ ਹਮਾਇਤ ਹੈ। ਭਾਰਤ ਸਰਕਾਰ ਆਪਣੇ ਲੋਕਾਂ ਦੇ ਵਿਰੁਧ ਏਨੇ ਕਾਲੇ ਕਾਨੂੰਨ ਹੌਲੇ ਹੌਲੇ ਲਿਆ ਰਹੀ ਹੈ, ਰੂਸ ਦੇ ਪ੍ਰੈਸ ਵਿਚ ਕਦੀ ਇਹਨਾਂ ਬਾਰੇ ਨਿਖੇਧਾਤਮਕ ਟਿਪਣੀ ਨਹੀਂ ਆਈ, ਇਸ ਲਈ ਇਕ ਪਾਸੇ ਅੰਨ੍ਹੀ ਰੂਸ ਵਿਰੋਧਤਾ ਅਤੇ ਦੂਜੇ ਪਾਸੇ ਅਮਰੀਕੀ ਸਾਮਰਾਜ ਦੀ ਵਿਰੋਧਤਾ ਦੇ ਬਹਾਨੇ ਅੰਨ੍ਹੀ ਰੂਸ ਭਗਤੀ ਦੋਨਾਂ ਬਾਰੇ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ।

—ਗੁਰਸ਼ਰਨ ਸਿੰਘ

## 3. ਇਕ ਚਿੱਠੀ ਕੈਲੀਫੋਰਨੀਆ ਤੋਂ

(ਕੁਰਸੀਆਂ ਦੇ ਭੁੱਖਿਆਂ ਵੱਲੋਂ ਪੰਜਾਬ ਤੇ ਹਰਿਆਣਾ ਦੇ ਲੋਕਾਂ ਵਿਚ ਵਖਰੇਵਾਂ ਪਾਉਣ ਦੇ ਯਤਨ ਦੇ ਪ੍ਰਸੰਗ ਵਿਚ ਇਸ ਚਿੱਠੀ ਦੀ ਵਿਸ਼ੇਸ਼ ਮਹੱਤਤਾ ਹੈ)

ਮਾਨਯੋਗ ਸੰਪਾਦਕ ਜੀ, ਆਪ ਨੂੰ ਸ਼ਾਇਦ ਪਤਾ ਹੋਵੇਗਾ ਕਿ ਇਥੇ ਅਮਰੀਕਾ ਦੀ ਇਕ ਸਟੇਟ ਕੈਲੇਫੋਰ-ਨੀਆ ਦੇ ਸ਼ਹਿਰ ਸੈਨਫਰਾਂਸਿਸਕੋ ਵਿਚ ਇੰਡੀਅਨ ਲੋਕਾਂ ਦੀ ਇਕ ਇਤਿਹਾਸਕ ਜਗ੍ਹਾ ਹੈ, ਜਿਸ ਦਾ ਨਾਂ ਹੈ — ਗ਼ਦਰ ਮੈਮੋਰੀਅਲ। ਜੋ ਕਿ 5 ਵੁਡ ਸਟਰੀਟ ਤੇ ਸਥਿਤ ਹੈ। ਇਹ ਉਹ ਇਤਿਹਾਸਕ ਜਗ੍ਹਾ ਹੈ, ਜਿਥੇ ਗ਼ਦਰ ਪਾਰਟੀ ਬਣੀ ਸੀ ਅਤੇ ਇਸ ਜਗ੍ਹਾ ਤੋਂ ਹੀ ਗਦਰ ਪਾਰਟੀ ਦੀ ਅਖਬਾਰ ਗ਼ਦਰ ਗੂੰਜ ਨਿਕਲਦੀ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ, ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪੈ

Regd. with Registrar, News Paper vide No. 4A/12397-D dated 14.8.80
Post Office No P/AR—133

ਸੀ। ਇਹ ਜਗ੍ਹਾ ਹਰੇਕ ਮਹੀਨੇ ਦੇ ਪਹਿਲੇ ਐਤਵਾਰ ਨੂੰ ਪੰਜਾਬੀ ਪੀਪਲਜ਼ ਕਲਚਰਲ ਐਸੋਸੀਏਸ਼ਨ ਤੇ ਭਾਰਤੀ ਕੌਂਸਲੇਟ ਜਨਰਲ ਦੇ ਉਦਮ ਨਾਲ ਸਵੇਰੇ 10 ਵਜੇ ਤੋਂ ਇਕ ਵਜੇ ਤਕ ਖੁਲ੍ਹਦੀ ਹੈ।

ਪਿਛਲੇ ਮਹੀਨੇ ਮੈਨੂੰ ਉਥੇ ਜਾਣ ਦਾ ਮੌਕਾ ਮਿਲਿਆ। ਮੈਂ ਉਥੇ ਗਦਰ ਪਾਰਟੀ ਦੇ ਮੈਂਬਰਾਂ ਦੀਆਂ ਫੋਟੋਆਂ, ਉਹਨਾਂ ਦਾ ਇਤਿਹਾਸ ਤੇ ਇਕ ਨਕਸ਼ਾ ਦੇਖਿਆ ਜਿਸ ਤੇ ਮੋਟੇ ਅੱਖਰਾਂ ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਹੋਇਆ ਸੀ United States of India. ਇਸ ਨਕਸ਼ੇ ਨੂੰ ਦੇਖਦੇ ਸਾਰ ਇੰਨੀ ਹੈਰਾਨਗੀ ਹੋਈ ਜੋ ਕਿ ਲਿਖ ਕੇ ਦੱਸਣੀ ਮੁਸ਼ਕਲ ਹੈ। ਮਨ ਵਿਚ ਆਇਆ ਕਿ ਕਿਥੇ ਹੈ ਉਹ United States of India, ਜਿਸ ਦਾ ਖੁਆਬ ਲੈ ਕੇ ਲੱਖਾਂ ਦੇਸ਼ ਭਗਤਾਂ ਨੇ ਕੁਰਬਾਨੀ ਦਿਤੀ? ਕੀ ਗੱਦੀਆਂ ਦੇ ਭੁੱਖੇ ਲੋਕਾਂ ਨੇ ਸਾਡੇ ਦਿਲਾਂ ਵਿਚੋਂ ਇਨਸਾਨੀਅਤ ਬਿਲਕੁਲ ਹੀ ਮਾਰ ਦਿਤੀ ਹੈ।

1947 ਤੋਂ ਲੈ ਕੇ ਅੱਜ ਤਕ ਸ਼ਹੀਦਾਂ ਨੂੰ ਹਰ ਪਾਰਟੀ, ਹਰ ਜਥੇਬੰਦੀ ਆਪਣੇ ਆਪਣੇ ਤਰੀਕੇ ਨਾਲ ਸ਼ਰਧਾਂਜਲੀ ਅਰਪਣ ਕਰਦੀ ਹੈ। ਹਰ ਇਕ ਲੀਡਰ ਸ਼ਹੀਦਾਂ ਦੇ ਨਾਂ ਤੇ ਲੈਕਚਰ ਸ਼ੁਰੂ ਕਰਦਾ ਹੈ ਤੇ ਖਤਮ ਕਰਦਾ ਹੈ ਇਸ ਗੱਲ ਤੇ ਕਿ ਮੈਂ ਤੇ ਮੇਰੀ ਪਾਰਟੀ ਹੀ ਸੱਚੇ ਤੇ ਸਹੀ ਹਾਂ, ਬਾਕੀ ਦੁਨੀਆ ਚੋਰ ਹੈ, ਤੁਸੀਂ ਆਪਣੀ ਵੋਟ ਤੇ ਸਹਿਯੋਗ ਮੈਨੂੰ ਦਿਓ। ਇਸ ਬਾਰੇ ਕੋਈ ਨਹੀਂ ਦਸਦਾ ਕਿ ਸਾਡੇ ਲੱਖਾਂ ਦੇਸ਼ ਭਗਤਾਂ ਨੇ ਕੁਰ-ਬਾਨੀਆਂ ਇਸ ਨਹਿਰੂ ਦੇ ਹਿੰਦੋਸਤਾਨ ਤੇ ਜਿਨਾਹ ਦੇ ਪਾਕਿਸਤਾਨ ਲਈ ਨਹੀਂ ਸਨ ਦਿਤੀਆਂ, ਜਿਥੇ ਇਨਸਾਨ ਹੱਥੋਂ ਇਨਸਾਨ ਦੀ ਲੁੱਟ ਹੁੰਦੀ ਹੈ। ਸਗੋਂ ਉਹਨਾਂ ਦਾ ਸੁਪਨਾ ਤਾਂ ਇਹ ਮਹਾਨ ਭਾਰਤ ਵਰਸ਼ ਸੀ। ਜਿਥੇ ਹਰ ਇਕ ਵਰਗ ਦੇ ਲੋਕ ਭਰਾਵਾਂ ਵਾਂਗ ਰਹਿੰਦੇ।

ਹੁਣ ਮੈਂ ਆਪਣੇ ਸਾਰੇ ਨੌਜਵਾਨ ਵੀਰਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਓ ਆਪਾਂ ਸਾਰੇ ਇਹਨਾਂ ਗੱਦੀਆਂ ਦੇ ਭੁੱਖੇ ਲੀਡਰਾਂ ਨੂੰ ਛੱਡ ਕੇ ਇਕ ਲਾਈਨ ਵਿਚ ਲਾਮਬੰਦ ਹੋਈਏ, ਕਿਉਂਕਿ ਆਪਾਂ ਸਾਰੇ ਇਨਸਾਨ ਹਾਂ, ਇਸ ਨਾਲ ਕੋਈ ਮਤਲਬ ਨਹੀਂ ਕਿ ਕੌਣ ਕਿਸ ਕਿਸ ਤਰ੍ਹਾਂ ਵਾਤਾਵਰਣ ਵਿਚ ਪਲਦਾ ਹੈ। ਅੱਜ ਦੇ ਸਾਡੇ ਲੀਡਰ ਸਾਡੇ ਵਿਚ ਬਹੁਤ ਤਰ੍ਹਾਂ ਦੇ ਅਜੀਬ ਭੁਲੇਖੇ ਪਾਂਦੇ ਹਨ। ਕੋਈ ਹਿੰਦੂਆਂ ਦੇ, ਕੋਈ ਸਿੱਖਾਂ ਦੇ, ਕੋਈ ਮੁਸਲਮਾਨਾਂ ਦੇ ਧਰਮ ਨੂੰ ਖਤਰਾ ਦੱਸਦਾ ਹੈ। ਰਾਜੀਵ ਗਾਂਧੀ ਆਪਣੀ ਮਾਂ ਤੇ ਨਾਨੇ ਵਾਂਗ ਆਪਣੀ ਗੱਦੀ ਕਾਇਮ ਰੱਖਣ ਲਈ ਦੇਸ਼ ਨੂੰ ਖਤਰਾ ਦੱਸਦਾ ਹੈ। ਪਰ ਮੇਰੇ ਦੋਸਤੋ, ਧਰਮਾਂ ਦੇ ਖਤਰੇ ਬਾਰੇ ਤਾਂ ਮੈਨੂੰ ਕੋਈ ਪਤਾ ਨਹੀਂ। ਪਰ ਦੇਸ਼ ਨੂੰ ਇਸ ਕਾਂਗਰਸ ਦੇ ਗੁੰਡਿਆਂ ਕੋਲੋਂ ਜ਼ਰੂਰ ਖਤਰਾ ਹੈ, ਕਿਉਂਕਿ ਪਹਿਲੀ ਉਦਾਹਰਣ ਨਹਿਰੂ ਹਿੰਦੋਸਤਾਨ ਪਾਕਿਸਤਾਨ ਬਣਾ ਕੇ ਬਣਿਆ। ਦੂਜੀ ਉਦਾਹਰਣ ਇੰਦਰਾ ਪਾਕਿਸਤਾਨ ਵਿਚੋਂ ਬੰਗਲਾ ਦੇਸ਼ ਬਣਾ ਕੇ ਬਣੀ। ਤੇ ਹੁਣ ਤੀਜੀ ਉਦਾਹਰਣ ਹੁਣ ਰਜੀਵ ਗਾਂਧੀ ਖਾਲਿਸਤਾਨ ਬਣਾ ਕੇ ਬਣੇਗਾ।

ਸਾਥੀਓ, ਮੈਂ ਤੁਹਾਡੇ ਸਾਰਿਆਂ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਜੇ ਇਹਨਾਂ ਗੱਦੀਆਂ ਦੇ ਭੁੱਖੇ ਲੀਡਰਾਂ ਕੋਲ ਦੇਸ਼ ਦੇ ਟੋਟੇ ਕਰਨ ਦੀ ਹਿੰਮਤ ਹੈਗੀ ਤਾਂ ਸਾਡੇ ਵਿਚ ਜੋੜਨ ਦੀ ਕਿਉਂ ਨਹੀਂ? ਜੋੜਨ ਦਾ ਨਾਂ ਸੁਣ ਕੇ ਮੇਰੇ ਕਈ ਵੀਰ ਸੋਚਦੇ ਹੋਣਗੇ ਕਿ ਇਹ ਨਹੀਂ ਹੋ ਸਕਦਾ। ਪਰ ਮੇਰੇ ਦੋਸਤੋ ਮੈਂ ਤੁਹਾਡੇ ਨਾਲ ਕਾਮਰੇਡਾਂ ਦੇ ਇਨਕਲਾਬ ਦੀ ਗੱਲ ਨਹੀਂ ਕਰ ਰਿਹਾ ਕਿ ਜਿਨ੍ਹਾਂ ਨੂੰ ਚਾਲੀ ਸਾਲ ਹੋ ਗਏ ਰੌਲਾ ਪਾਂਦਿਆਂ ਨੂੰ ਕਿ ਇਨਕਲਾਬ ਚਾਹੀਦੈ ਪਰ ਅਜੇ ਤੱਕ ਇਨਕਲਾਬ ਦਾ ਕਿਤੇ ਨਾ ਨਿਸ਼ਾਨ ਵੀ ਨਹੀਂ ਦਿੱਸਦਾ ਤੇ ਉਧਰ ਦੂਜੇ ਪਾਸੇ ਕਾਂਗਰਸ 3 ਸਾਲ ਦੀ (Vacation) ਛੁੱਟੀਆਂ ਕੱਟ ਕੇ ਫਿਰ ਮੁੜ ਗੱਦੀ ਤੇ ਆ ਬੈਠੀ ਹੈ। ਮੈਂ ਤੁਹਾਡੇ ਨਾਲ ਉਹਨਾਂ ਦੇਸ਼ ਭਗਤਾਂ ਦੇ ਸੁਪਨੇ ਦੀ ਗੱਲ ਕਰ ਰਿਹਾਂ, ਜਿਨ੍ਹਾਂ ਨੇ ਗੋਰੇ ਸਾਮਰਾਜ ਦੀਆਂ ਭਾਜੜਾਂ ਪੁਆ ਦਿੱਤੀਆਂ ਸੀ।

ਮੈਂ ਖਤ ਦੇ ਅੰਤ ਵਿਚ ਭਾਰਤ ਦੇ ਸਾਰੇ ਨੌਜਵਾਨਾਂ ਨੂੰ ਸਵਾਲ ਕਰਦਾ ਹਾਂ ਕਿ ਕੀ ਤੁਸੀਂ 1947 ਦੇ ਵਿਛੜੇ ਲੱਖਾਂ ਇਨਸਾਨਾਂ ਨੂੰ ਮੁੜ ਗਲੇ ਮਿਲਾ ਕੇ, ਉਹਨਾਂ ਲੱਖਾਂ ਦੇਸ਼ ਭਗਤਾਂ ਦੇ ਸੁਪਨੇ ਵਾਲੇ UNITED STATES OF INDIA ਨੂੰ ਬਣਾ ਕੇ ਦਿਖਾ ਸਕਦੇ ਹੋ?

ਮੈਨੂੰ ਪੂਰਨ ਆਸ ਹੈ ਕਿ ਭਾਰਤ ਦੇ ਅਣਖੀਲੇ ਗੱਭਰੂ ਜ਼ਰੂਰ ਮੇਰੇ ਖਤ ਦਾ ਜਵਾਬ ਹਾਂ ਵਿਚ ਦੇ ਕੇ ਦੇਸ਼-ਦੇ ਸੁਪਨੇ ਨੂੰ ਜ਼ਰੂਰ ਪੂਰਾ ਕਰਨਗੇ। ਜੇ ਮੇਰੇ ਖਤ ਦਾ ਜਵਾਬ ਨਾ ਆਇਆ ਤਾਂ ਮੈਂ ਸਮਝਾਂਗਾ ਕਿ ਸੱਚਮੁੱਚ ਹੀ ਭਾਰਤ ਦੇ ਲੋਕਾਂ ਦੇ ਦਿਲਾਂ ਵਿਚੋਂ ਇਨਸਾਨੀਅਤ ਮਰ ਗਈ ਹੈ।

—ਜੁਗਿੰਦਰ ਸਿੰਘ